
ਫਰਵਰੀ ੯੫

ਰਾਮਗੜ੍ਹੀਆ ਮੰਚ



ਸਵ: ਸਾਬਕਾ ਰਾਸ਼ਟ੍ਰਪਤੀ
ਗਿਆਨੀ ਜ਼ੈਲ ਸਿੰਘ ਜੀ ਨੂੰ ਸਮਰਪਿਤ

ESTD. : 1958


TRADE MARK
AMSA
REGD No. 218447

The Famous Name For Service & Durability

AMSA
top
BRAND

ALLOY STEEL INDUCTION HARDENED

Tractor & Auto Parts



TRADE
Amto
MARK

PHONES : OFF.: 01827-2697
GRAMS : AMSA Goraya

Mfd. By :

AMAR SAUND ENGG. CO.

U.S. SAUND PRODUCTS (INDIA) PVT. LTD

AMSA TOP ENTERPRISES

Rurka Khurd, Via-GORAYA-144 409 (Jalandhar) P

ਸਾਲ ਦਸਵਾਂ ਅੰਕ ਸਤਵਾਂ ਫਰਵਰੀ–**1995** ਕੀਮਤ :**10**ਰੁਪਏ

ਦਰਪਣ

ਰਾਮਗੜ੍ਹੀਆ ਮੰਚ ਵਿਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕ, ਰਾਮਗੜ੍ਹੀਆ ਮੰਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ।

ਰਾਮਗੜ੍ਹੀਆ ਮੰਚ ਪਰਿਵਾਰ

ਪ੍ਰਬੰਧਕੀ ਸੰਪਾਦਕ
- ਕ੍ਰਿਪਾਲ ਸਿੰਘ ਉੱਭੀ

ਸੰਪਾਦਕ
- ਭੁਪਿੰਦਰ ਸਿੰਘ ਉੱਭੀ

ਮੈਨੇਜਰ
- ਹਰਜੀਤ ਸਿੰਘ

ਆਰਟਿਸਟ
- ਜੀ: ਡੀ: ਗੁਰਪਾਲ
- "ਪ੍ਰੀਤ"

ਕਾਨੂੰਨੀ ਸਲਾਹਕਾਰ
- ਜਸਪਾਲ ਸਿੰਘ ਐਡਵੋਕੇਟ

ਵਿਦੇਸ਼ ਪ੍ਰਤਿਨਿਧ

ਸੁਰਜੀਤ ਸਿੰਘ ਪਠੇਸਰ (ਬਰਮਿੰਘਮ, ਇੰਗਲੈਂਡ)
ਸਰਵਨ ਸਿੰਘ ਸੁਰ (ਮਿਲਟਨਕੀਨਜ਼, ਇੰਗਲੈਂਡ)
ਜਗਦੇਵ ਸਿੰਘ ਗਿਲ (ਲੀਡਜ਼, ਇੰਗਲੈਂਡ)
ਸਰਬਜੀਤ ਸਿੰਘ ਭਰੀਆ (ਤਨਜ਼ਾਨੀਆ)
ਪਿਆਰਾ ਸਿੰਘ ਕੁੰਡਲ (ਕਨੇਡਾ)
ਡਾ: ਜੋਗਿੰਦਰ ਸਿੰਘ ਸੈਂਭੀ (ਕਨੇਡਾ)

ਰਚਨਾ ਭੇਜਣ ਦਾ ਪਤਾ:–

ਰਾਮਗੜ੍ਹੀਆ ਮੰਚ
ਜੇ:ਐਸ:ਕੰਪਲੈਕਸ,ਸ਼ਾਸਤਰੀ ਮਾਰਕਿਟ
ਜਲੰਧਰ ਸ਼ਹਿਰ

ਚੰਦਾ	–ਦੇਸ਼	–ਵਿਦੇਸ਼
ਸਾਲਾਨਾ	**–150/ਰੁਪਏ**	**–30** ਪੌਂਡ
ਅਜੀਵਨ	**–1500/–**	**–200** ਪੌਂਡ

ਸ: ਕ੍ਰਿਪਾਲ ਸਿੰਘ ਉੱਭੀ ਪ੍ਰਿੰਟਰ ਅਤੇ ਪਬਲੀਸ਼ਰ ਜਲੰਧਰ ਕੋਆਪਰੇਟਿਵ ਪ੍ਰੈਸ, ਸ਼ਾਸਤਰੀ ਮਾਰਕੀਟ ਜਲੰਧਰ ਤੋਂ ਛਪਵਾ ਕੇ ਪਿੰਡ ਤੇ ਡਾਕ: ਜੌਵਾਲ, ਜ਼ਿਲਾ ਜਲੰਧਰ ਤੋਂ ਪ੍ਰਕਾਸ਼ਿਤ ਕੀਤਾ ।

ਪੋਸਟਲ ਰਜਿ: ਨੰਬਰ–**PB/JL/286**

Regd. No.RNI 46585/86

ਸੰਪਾਦਕੀ–

ਸਵਰਗਵਾਸੀ ਰਾਸ਼ਟ੍ਰਪਤੀ ਗਿਆਨੀ ਜ਼ੈਲ ਸਿੰਘ ਜੀ ਨਮਿੱਤ ਅਖੰਡ ਪਾਠ

ਰਾਮਗੜ੍ਹੀਆ ਮੰਚ ਦੇ ਪਿਛਲੇ ਅੰਕਾਂ ਵਿਚ ਅਸੀਂ ਸਵ੍ਰਗਵਾਸੀ ਰਾਸ਼ਟ੍ਰਪਤੀ ਗਿਆਨੀ ਜ਼ੈਲ ਸਿੰਘ ਜੀ ਦੀ ਆਤਮਿਕ ਸ਼ਾਂਤੀ ਨਮਿੱਤ, ਅਖੰਡ ਪਾਠ ਕਰਵਾਉਣ ਬਾਰੇ ਸੂਚਿਤ ਕੀਤਾ ਸੀ ।ਇਹ ਵੀ ਸੂਚਿਤ ਕੀਤਾ ਸੀ ਕਿ ਇਸ ਦੀ ਤਿਥੀ ਆਦਿ, ਗਿਆਨੀ ਜੀ ਦੇ ਪ੍ਰਵਾਰ ਨਾਲ ਸਲਾਹ ਮਸ਼ਵਰੇ ਉਪ੍ਰੰਤ ਹੀ ਮਿਥੀ ਜਾਵੇਗੀ ।ਇਥੇ ਅਸੀਂ ਆਪ ਜੀ ਨੂੰ ਜਾਣਕਾਰੀ ਦੇ ਦੇਣੀ ਚਾਹੁੰਦੇ ਹਾਂ ਕਿ ਇਹ ਤਾਰੀਖ, 14 ਮਈ ਮਿਥੀ ਗਈ ਹੈ ਅਤੇ ਉਸ ਦਿਨ ਗਿਆਨੀ ਜੀ ਦੇ ਸਮੂਹ ਪ੍ਰਵਾਰ ਦੇ ਭਾਗ ਲੈਣ ਦੀ ਪੂਰੀ ਪੂਰੀ ਸੰਭਾਵਨਾ ਹੈ । ਸਾਡੇ ਪਾਠਕ ਜਾਣਦੇ ਹਨ, ਕਿ ਗਿਆਨੀ ਜੀ ਦਾ ਜਨਮ ਦਿਨ 5 ਮਈ ਹੈ ਅਤੇ ਇਸੇ ਤਾਰੀਖ ਨੂੰ ਮੁੱਖ ਰਖ ਕੇ ਹੀ ਇਹ ਦਿਨ ਨਿਸ਼ਚਿਤ ਕੀਤਾ ਗਿਆ ਹੈ ।ਅਖੰਡ ਪਾਠ ਦਾ ਅਰੰਭ 12 ਮਈ ਅਤੇ ਸਮਾਪਤੀ 14 ਮਈ ਨੂੰ ਜਲੰਧਰ ਵਿਖੇ ਹੋਵੇਗੀ ।ਅਸਥਾਨ ਅਤੇ ਪੂਰੇ ਪ੍ਰੋਗਰਾਮ ਦਾ ਵੇਰਵਾ, ਅਪ੍ਰੈਲ ਦੇ ਅੰਤਮ ਸਪਤਾਹ ਜਾਂ ਮਈ ਦੇ ਪਹਿਲੇ ਹਫਤੇ, ਸਮੇਂ ਸਿਰ ਦੇ ਦਿਤਾ ਜਾਵੇਗਾ ।

ਇੰਜ.ਸ੍.ਸੁਰਿੰਦਰ ਸਿੰਘ ਵਿਰਦੀ ਚੰਡੀਗੜ੍ਹ ਨਾਲ ਇਸੇ ਸੰਬੰਧ ਵਿਚ ਚੰਡੀਗੜ੍ਹ ਵਿਖੇ ਵਿਸਥਾਰ ਸਹਿਤ ਵਿਚਾਰਾਂ ਹੋਈਆਂ ਅਤੇ ਇਸ ਪ੍ਰੋਗਰਾਮ ਨੂੰ ਗਿਆਨੀ ਜੀ ਦੇ ਕੱਦ ਕਾਠ ਅਨੁਸਾਰ ਹੀ ਉਲੀਕਣ ਦੀ ਵਿਉਂਤਬੰਦੀ ਕੀਤੀ ਜਾ ਰਹੀ ਹੈ ।ਇਸ ਅਵਸਰ ਉੱਤੇ ਰਾਮਗੜ੍ਹੀਆ ਮੰਚ ਦਾ ਗਿਆਨੀ ਜ਼ੈਲ ਸਿੰਘ ਵਿਸ਼ੇਸ਼ ਅੰਕ ਵੀ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ, ਜੋ 100 ਪੰਨੇ ਤੋਂ ਵੀ ਵਧ ਦਾ ਹੋਵੇਗਾ ।ਇਸ ਵਿਚ ਗਿਆਨੀ ਜੀ ਦੇ ਪ੍ਰਵਾਰ, ਗਿਆਨੀ ਜੀ ਦੀਆਂ ਪ੍ਰਾਪਤੀਆਂ, ਉਨ੍ਹਾਂ ਦੀ ਕੌਮ, ਪੰਥ, ਦੇਸ਼, ਅਤੇ ਸੰਸਾਰ ਨੂੰ ਦੇਣ ਬਾਰੇ ਵਿਦਵਤਾ ਭਰਪੂਰ ਲੇਖ, ਮਾਨਤਾ ਪ੍ਰਾਪਤ ਲਿਖਾਰੀਆਂ ਉਨ੍ਹਾਂ ਦੇ ਨਿਕਟਵਰਤੀਆਂ ਅਤੇ ਸਾਥੀਆਂ ਵਲੋਂ ਸ਼ਾਮਿਲ ਕੀਤੇ ਜਾ ਰਹੇ ਹਨ ।ਇਹ ਵਿਸ਼ੇਸ਼ ਅੰਕ 4 ਭਾਗਾਂ ਵਿਚ ਹੋਵੇਗਾ ਅਤੇ ਇਲ ਲਈ ਇਕ ਅਲਗ ਸਬ ਕਮੇਟੀ ਦੀ ਸਥਾਪਨਾ ਕਰਨ ਦਾ ਨਿਰਨਾ ਲਿਆ ਗਿਆ ਹੈ ।ਗਿਆਨੀ ਜੀ ਦੇ ਬਚਪਨ ਦੇ ਸਾਥੀ ਅਤੇ ਉਨ੍ਹਾਂ ਦੇ ਕ੍ਰਾਂਤੀਕਾਰੀ ਜੀਵਨ ਦੇ ਸਾਥੀਆਂ ਨੂੰ, ਵਿਸ਼ੇਸ਼ ਰੂਪ ਵਿਚ ਪਹੁੰਚ ਕੀਤੀ ਜਾ ਰਹੀ ਹੈ, ਤਾਂ ਜੋ ਉਨ੍ਹਾਂ ਦੇ ਜੀਵਨ ਦੇ ਹਰ ਪੱਖ ਨੂੰ ਚੰਗੀ ਤਰ੍ਹਾਂ ਮੂਰਤੀਮਾਨ ਕੀਤਾ ਜਾ ਸਕੇ ।ਉਨ੍ਹਾਂ ਦੇ ਬਿਦੇਸ਼ੀ ਦੌਰੇ ਅਤੇ ਬਿਦੇਸ਼ੀ ਹਸਤੀਆਂ ਅਤੇ ਪ੍ਰਵਾਸੀ ਭਾਰਤੀਆਂ ਨਾਲ ਸੰਬੰਧਿਤ ਸਮੱਗਰੀ ਲਈ ਵੀ ਉਚਿਤ ਪ੍ਰਬੰਧ ਕੀਤੇ ਜਾ ਰਹੇ ਹਨ ।


ਅਖੰਡ ਪਾਠ ਅਤੇ ਇਸ ਦੇ ਸੰਬੰਧ ਵਿਚ ਕੀਤੇ ਜਾਣ ਵਾਲੇ ਪ੍ਰਬੰਧਾਂ ਲਈ, ਕਈ ਸਬ ਕਮੇਟੀਆਂ ਦਾ ਗਠਨ ਕੀਤਾ ਜਾ ਰਿਹਾ ਹੈ ।ਕਿਉਂਕਿ ਇਸ ਮੌਕੇ ਤੇ ਸਿੱਖ ਪੰਥ ਦੇ ਮਹਾਨ ਸੰਤ ਅਤੇ ਮਹਾਪੁਰਸ਼ਾਂ ਤੋਂ ਛੁਟ, ਰਾਜਸੀ ਆਗੂ, ਅਤੇ ਉੱਚ ਅਧਿਕਾਰੀ ਵੀ ਭਾਰੀ ਗਿਣਤੀ ਵਿਚ ਹਿੱਸਾ ਲੈ ਰਹੇ ਹਨ, ਇਸ ਲਈ ਹਰ ਇਕ ਦੇ ਰਹਿਣ ਬਹਿਣ ਅਤੇ ਸੇਵਾ ਸੰਭਾਲ ਲਈ ਅਨੇਕ ਹੱਥਾਂ ਦੀ ਲੋੜ ਹੈ । ਇਸ ਸਾਰੇ ਕੰਮ ਨੂੰ ਸੁਚਾਰੂ ਰੂਪ ਨਾਲ ਚਲਾਉਣ ਲਈ ਜ਼ਿੰਮੇਵਾਰ ਸੱਜਣਾਂ ਨਾਲ ਹੁਣ ਤੋਂ ਹੀ ਸੰਪਰਕ ਪੈਦਾ ਕੀਤਾ ਜਾ ਰਿਹਾ ਹੈ ਅਤੇ ਇਸ ਨੂੰ ਅੰਤਮ ਰੂਪ ਦੇਣ ਲਈ 26-2-95 ਨੂੰ ਇਕ ਮੀਟਿੰਗ ਕੀਤੀ ਜਾ ਰਹੀ ਹੈ ।ਕਿਉਂਕਿ ਇਸ ਸਮੇਂ ਘਟੋ ਘਟ 5000 ਸੰਗਤਾਂ ਦੇ ਪੁੱਜਣ ਦੀ ਆਸ ਹੈ, ਇਸ ਲਈ ਇਹ ਵੀ ਨਿਰਣਾ ਲਿਆ ਜਾਣਾ ਹੈ ਕਿ ਇਹ ਸਮਾਗਮ ਕਿਸੇ ਹਾਲ ਵਿਚ, ਜਾਂ ਪੰਡਾਲ ਵਿਚ ਕੀਤਾ ਜਾਵੇ ।

ਇਸ ਦਿਨ ਇਕ ਮੈਮੋਰੈਂਡਮ ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਨੂੰ ਦਿੱਤਾ ਜਾਵੇਗਾ, ਜਿਸ ਵਿਚ ਉਨ੍ਹਾਂ ਦੀ ਯਾਦ ਨੂੰ ਸਦਾ ਸੁਰਜੀਤ ਰੱਖਣ ਲਈ, ਕੀਤੇ ਜਾਣ ਵਾਲੇ ਕੰਮਾਂ ਬਾਰੇ ਉਲੇਖ ਕੀਤਾ ਜਾਵੇਗਾ । ਇਸ ਕਾਰਜ ਲਈ ਵੀ ਇਕ ਅਲਗ ਕਮੇਟੀ ਦਾ ਗਠਨ ਕੀਤਾ ਜਾਵੇਗਾ ਤਾਂ ਜੋ ਸਹੀ ਅਤੇ ਉਚਿਤ ਗਲ ਸਹੀ ਅਤੇ ਪ੍ਰਭਾਵ੍ਸ਼ਾਲੀ ਢੰਗ ਨਾਲ ਕਹੀ ਜਾ ਸਕੇ ।ਅਸੀਂ ਇਸ ਲਈ ਵਿਸ਼ੇਸ਼ ਸਜਣਾਂ ਨੂੰ ਪੱਤਰ ਲਿਖ ਚੁੱਕੇ ਹਾਂ ਅਤੇ ਉਨ੍ਹਾਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਅਪਣੀ ਸਹਿਮਤੀ ਪ੍ਰਗਟਾਉਂਦੇ ਹੋਏ ਇਸ ਕਾਰਜ ਨੂੰ ਸਿਰ ਨਾਲ ਸਿਰ ਜੋੜ ਕੇ ਨੇਪਰੇ ਚਾੜ੍ਹਣ ਲਈ ਅੱਗੇ ਆਉਣ।

ਅੰਤ ਵਿਚ ਮੈਂ ਸਵਰਗਵਾਸੀ ਗਿਆਨੀ ਜ਼ੈਲ ਸਿੰਘ ਜੀ ਨਾਲ ਸਨੇਹ ਰੱਖਣ ਵਾਲੇ ਸਮੂਹ ਸਜਣਾਂ ਨੂੰ ਬੇਨਤੀ ਕਰਦਾ ਹਾਂ, ਕਿ ਇਸ ਮਹਾਨ ਕਾਰਜ ਵਿਚ ਉਹ ਆਪਣਾ ਯੋਗਦਾਨ ਪਾਉਣ ਅਤੇ ਇਸ ਪ੍ਰੋਗਰਾਮ ਨੂੰ ਸਫਲ ਬਨਾਉਣ ਲਈ ਅਗੇ ਆਉਣ ।

-ਕ੍ਰਿਪਾਲ ਸਿੰਘ ਉੱਭੀ

FAMILY TREE: GIANI ZAIL SINGH



ਡਾਕਟਰ ਗਿਆਨੀ ਜ਼ੈਲ ਸਿੰਘ ਜੀ ਦੀ ਜੀਵਨ ਘਟਨਾਵਲੀ

-ਦੇਵਿੰਦਰ ਸਿੰਘ ਗਿਲ (ਜੀਆ ਨੱਥਾ)-

ਡਾਕਟਰ ਗਿਆਨੀ ਜ਼ੈਲ ਸਿੰਘ, ਆਜ਼ਾਦ ਹਿੰਦੋਸਤਾਨ ਦੇ ਪਹਿਲੇ ਪੰਜਾਬੀ ਸਿੱਖ ਸਨ, ਜੋ ਇੰਨੇ ਉੱਚੇ ਅਹੁਦੇ, ਰਾਸ਼ਟਰਪਤੀ ਦੇ ਪੱਦ ਤੇ ਸੁਸ਼ੋਭਤ ਹੋਏ। ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਇਬਰਾਹਮ ਲਿੰਕਨ ਵਾਂਗ ਉਨ੍ਹਾਂ ਨੂੰ ਇਸ ਖਾਤਰ ਲੰਮਾ ਸੰਘਰਸ਼ ਕਰਨਾ ਪਿਆ। ਇਬਰਾਹਮ ਲਿੰਕਨ ਵਾਂਗ ਗਿਆਨੀ ਜ਼ੈਲ ਸਿੰਘ ਇਕ ਗਰੀਬ ਕਿਰਤੀ ਰਾਮਗੜ੍ਹੀਆ ਪ੍ਰਵਾਰ ਵਿਚ ਪੈਦਾ ਹੋਏ ਅਤੇ ਫਿਰ ਸਕੂਲ ਦੀ ਉਚ ਵਿਦਿਆ ਵੀ ਪ੍ਰਾਪਤ ਨਾ ਕਰ ਸਕੇ, ਪ੍ਰੰਤੂ ਪਿਤਾ ਸ. ਕਿਸ਼ਨ ਸਿੰਘ ਜੀ ਨੇ ਉਹਨਾਂ ਨੂੰ ਇਕ ਪੂਰਨ ਗੁਰਸਿੱਖ ਅਵਸ਼ ਬਣਾ ਦਿਤਾ ਸੀ। ਸ. ਕਿਸ਼ਨ ਸਿੰਘ ਜੀ ਆਪ ਨਾਮ ਦੇ ਅਭਿਆਸੀ ਅਤੇ ਰਹਿਤ ਮਰਯਾਦਾ ਦੇ ਧਾਰਨੀ ਸਨ। ਉਹਨਾਂ ਦੇ ਗੁਰਮੁਖੀ ਜਾਵਨ ਦਾ ਗਿਆਨੀ ਜੀ ਤੇ ਬਹੁਤ ਪ੍ਰਭਾਵ ਪਿਆ। ਉਸ ਸਦਕਾ ਹੀ ਉਹ ਦੇਸ਼ ਦੀ ਆਜ਼ਾਦੀ ਦੀ ਖਾਤਰ ਪ੍ਰਚੰਡ ਹੋਈ ਜੰਗ ਵਿਚ ਕੁੱਦ ਪਏ ਅਤੇ ਉਨ੍ਹਾਂ ਨੇ ਲੰਮਾ ਸਮਾਂ ਰਿਆਸਤ ਫਰੀਦਕੋਟ ਦੇ ਮਹਾਰਾਜਾ ਹਰਿੰਦਰ ਸਿੰਘ ਦੇ ਜ਼ੁਲਮ ਤੇ ਅਤਿਆਚਾਰਾਂ ਖਿਲਾਫ ਸੰਘਰਸ਼ ਕੀਤਾ। ਉਹਨਾਂ ਦੇ ਹੌਸਲੇ ਪਸਤ ਕਰਨ ਲਈ ਮਹਾਰਾਜਾ ਨੇ ਉਹਨਾਂ ਦੇ ਕੇਸਾਂ ਨੂੰ ਜੀਪ ਪਿਛੇ ਬੰਨ ਕੇ ਫਰੀਦਕੋਟ ਦੀਆਂ ਗਲੀਆਂ ਵਿਚ ਘਸੀਟਿਆ ਪ੍ਰੰਤੂ ਆਪ ਜੀ ਆਪਣੇ ਨਿਸ਼ਾਨੇ ਤੋਂ ਪਿਛਾਹ ਨਾ ਹਟੇ, ਫਿਰ ਉਹਨਾਂ ਨੂੰ ਪੰਜ ਸਾਲ ਜੇਲ ਵੀ ਕਟਣੀ ਪਈ। ਗਿਆਨੀ ਜੀ ਨੇ ਸਾਰੇ ਕਸ਼ਟ ਬੜੇ ਹੌਸਲੇ ਅਤੇ ਜਿਗਰੇ ਨਾਲ ਝਲੇ। ਉਹਨਾਂ ਘਾਲਨਾਵਾਂ ਸਦਕਾ, ਹੀ ਆਪ ਜੀ ਪ੍ਰਦੇਸ਼ ਕਾਂਗਰਸ ਪਾਰਟੀ ਦੇ ਪ੍ਰਧਾਨ, ਮੁਖ ਮੰਤਰੀ, ਗ੍ਰਹਿ ਮੰਤਰੀ ਅਤੇ ਫਿਰ ਦੇਸ਼ ਦੇ ਸਰਬਉਚ ਅਹੁਦੇ, ਰਾਸ਼ਟਰਪਤੀ ਦੇ ਅਹੁਦੇ ਉਪਰ ਸੁਸ਼ੋਭਤ ਹੋਏ ਅਤੇ ਰਾਮਗੜ੍ਹੀਆ ਸਮਾਜ ਦੀ ਕੀਰਤੀ ਨੂੰ ਚਾਰ ਚੰਨ ਲਗਾਏ। ਇਥੇ ਉਹਨਾਂ ਦੀ ਜੀਵਨ ਘਟਨਾਵਲੀ ਨੂੰ ਅੰਕਿਤ ਕਰ ਰਿਹਾ ਹਾਂ ਜੋ ਉਹਨਾਂ ਦੇ ਜੀਵਨ ਸੰਘਰਸ਼ ਨੂੰ ਮੁਰਤੀਮਾਨ ਕਰਦੀ ਹੈ :-

5 ਮਈ 1916 ਈਸਵੀ.... ਗਿਆਨੀ ਜ਼ੈਲ ਸਿੰਘ ਜੀ ਦਾ ਜਨਮ ਸ. ਕਿਸ਼ਨ ਸਿੰਘ ਰਾਮਗੜ੍ਹੀਆ ਦੇ ਘਰ ਮਾਤਾ ਸ੍ਰੀ ਮਤੀ ਇੰਦਰ ਕੌਰ ਦੀ ਕੁੱਖ ਤੋ ਹੋਇਆ। ਗਿਆਨੀ ਜੀ ਦੇ ਦੋ ਹੋਰ ਵੱਡੇ ਭਰਾ ਸ੍ਰ. ਜਾਗੀਰ ਸਿੰਘ ਅਤੇ ਸ. ਵੀਰ ਸਿੰਘ ਅਤੇ ਭੈਣ ਜੋਗਿੰਦਰ ਕੌਰ ਹਨ।

1920-21 ਈਸਵੀ.... ਗਿਆਨੀ ਜੀ ਦੀ ਉਮਰ ਲਗ ਭਗ ਚਾਰ-ਪੰਚ ਸਾਲ ਦੀ ਸੀ ਜਦੋਂ ਉਹਨਾਂ ਦੀ ਕੁੜਮਾਈ ਪ੍ਰਧਾਨ ਕੌਰ ਜੀ ਨਾਲ ਹੋ ਗਈ।

1928-29 ਈਸਵੀ.... ਗਿਆਨੀ ਜ਼ੈਲ ਸਿੰਘ ਦੀ ਉਮਰ ਬਾਰਾਂ-ਤੇਰਾਂ ਸਾਲ ਸੀ ਜਦੋਂ ਉਹਨਾਂ ਦੇ ਪਿਤਾ ਸ. ਕਿਸ਼ਨ ਸਿੰਘ ਜੀ ਸੁਰਗਵਾਸ ਹੋ ਗਏ।

1931-32 ਈਸਵੀ.... ਉਹ ਲਗ ਭਗ 15-16 ਸਾਲ ਦੀ ਉਮਰ ਦੇ ਸਨ ਕਿ ਉਹਨਾਂ ਨੂੰ ਸ਼ਹੀਦ ਭਗਤ ਸਿੰਘ ਦੀ ਸ਼ਹਾਦਤ ਨੇ ਬਹੁਤ ਪ੍ਰਭਾਵਿਤ ਕੀਤਾ। ਉਹ, ਅੰਗਰੇਜ਼ ਤੋਂ ਦੇਸ਼ ਨੂੰ ਆਜ਼ਾਦ ਕਰਾਉਣ ਲਈ ਆਜ਼ਾਦੀ ਦੀ ਜੰਗ ਵਿਚ ਕੁੱਦ ਪਏ।

1932 ਈਸਵੀ.... ਵਿਚ ਗਿਆਨੀ ਜੀ ਦੀ ਸ਼ਾਦੀ ਬੀਬੀ ਪ੍ਰਧਾਨ ਕੌਰ ਜੀ ਨਾਲ ਹੋ ਗਈ। ਇਸ ਸਾਲ ਗਿਆਨੀ ਜੀ ਦਾ ਜਥੇਦਾਰ ਰਾਮ ਸਿੰਘ ਚਾਹਲ ਨਾਲ ਮੇਲ ਹੋਇਆ ਜੋ ਉਸ ਸਮੇਂ ਰਿਆਸਤੀ ਅਕਾਲੀ ਜਥੇ ਦੇ ਮੀਤ ਪ੍ਰਧਾਨ ਸਨ ਤੇ ਪਿਛੋਂ ਪ੍ਰਧਾਨ ਬਣੇ। ਗਿਆਨੀ ਜੀ ਨੇ ਜਥੇਦਾਰ ਰਾਮ ਸਿੰਘ, ਅਤੇ ਸ. ਸੰਧੂਰਾ ਸਿੰਘ ਨਾਲ ਮਿਲਕੇ ਵਿਆਹ, ਤੇ ਫਜ਼ੂਲ ਰਸਮਾਂ ਤੇ ਸੋਨਾ ਪਾਉਣ ਵਿਰੁਧ ਜ਼ੋਰਦਾਰ ਪ੍ਰਚਾਰ ਕੀਤਾ। ਉਹਨਾਂ ਦੇ ਪ੍ਰਚਾਰ ਕੇਂਦਰ ਗੁਰਦੁਆਰਾ ਸੁਰਗਾਪੁਰੀ ਕੋਟਕਪੂਰਾ, ਜੈਤੋ ਅਤੇ ਫਰੀਦਕੋਟ ਸਨ। ਸ. ਅਮਰ ਸਿੰਘ ਤੇਗ ਦੀ ਪ੍ਰੇਰਨਾ ਨਾਲ ਗਿਆਨੀ ਜੀ ਇਲਕਲਾਬੀ ਜਥੇਬੰਦੀਆਂ ਦੇ ਮੈਂਬਰ ਬਣੇ।

1934-35 ਈਸਵੀ... ਵਿਚ ਗਿਆਨੀ ਜੀ ਨੇ ਮਹਾਰਾਜਾ ਹਰਿੰਦਰ ਸਿੰਘ ਫਰੀਦਕੋਟ ਦੇ ਅਤਿਆਚਾਰਾਂ ਵਿਰੁਧ ਸੰਘਰਸ਼ ਸ਼ੁਰੂ ਕੀਤਾ।

1937 ਈਸਵੀ.... ਵਿਚ ਗਿਆਨੀ ਜੀ ਦੇ ਪਿਤਾ ਸ. ਕਿਸ਼ਨ ਸਿੰਘ ਜੀ ਪ੍ਰਲੋਕ ਸਿਧਾਰ ਗਏ। ਇਸ ਸਾਲ ਹੀ ਆਪ ਜੀ ਰਿਆਸਤ ਫਰੀਦਕੋਟ ਦੇ ਅਕਾਲ ਜਥੇ ਦੇ ਸਕੱਤਰ ਚੁਣੇ ਗਏ।

2 ਸਤੰਬਰ 1937 ਈਸਵੀ.... ਨੂੰ ਸੁਰਗਾਪੁਰੀ, ਕੋਟਕਪੂਰੇ ਵਿਚ ਵਿਸ਼ਾਲ

ਇਕਠ ਹੋਇਆ, ਗਿਆਨੀ ਜੀ ਨੇ ਧੂੰਆਂਧਾਰ ਤਕਰੀਰ ਕੀਤੀ । ਗੁਰਮੁਖ ਸਿੰਘ ਮੁਸਾਫਿਰ ਅਤੇ ਈਸ਼ਰ ਸਿੰਘ ਮਝੈਲ ਉਹਨਾਂ ਦੇ ਵਿਚਾਰਾਂ ਤੋਂ ਪ੍ਰਭਾਵਤ ਹੋਏ । ਗਿਆਨੀ ਜੀ ਨੇ ਸਿਆਸਤੀ ਰਾਜਿਆਂ ਵਿਰੁਧ ਅਵਾਜ਼ ਉਠਾਈ ।

24 ਜੁਲਾਈ 1938 ਈਸਵੀ.... ਨੂੰ ਗਿਆਨੀ ਜੀ ਦੇ ਯਤਨਾਂ ਨਾਲ ਜ਼ਿਮੀਦਾਰ ਸਭਾ ਦੀ ਸਥਾਪਨਾ ਹੋਈ, ਉਹਨਾਂ ਨੇ ਜ਼ਿਮੀਦਾਰਾਂ ਤੇ ਲਗਾਏ ਗਏ ਅਯੋਗ ਕਰਾਂ ਵਿਰੁਧ ਆਵਾਜ ਉਠਾਈ ।

ਅਗਸਤ 1938 ਈਸਵੀ....ਵਿਚ ਆਪ ਜੀ ਦੇ ਯਤਨਾਂ ਸਦਕਾ ਰਿਆਸਤਾ ਫਰੀਦਕੋਟ ਵਿਚ ਕਾਂਗਰਸ ਕਮੇਟੀ ਦੀ ਸਥਾਪਨਾ ਹੋਈ । ਇਸ ਕਮੇਟੀ ਦੇ ਪ੍ਰਧਾਨ ਸ. ਜੰਗਾ ਸਿੰਘ ਬੁਰਜ ਹਰੀਕੇ ਅਤੇ ਸਕੱਤਰ ਗਿਆਨੀ ਜੀ ਆਪ ਬਣੇ । ਗਿਆਨੀ ਜੀ ਦੀਆਂ ਸਰਗਰਮੀਆਂ ਨੇ ਫਰੀਦਕੋਟ ਦੇ ਰਾਜੇ ਦੀ ਨੀਂਦ ਹਰਾਮ ਕਰ ਦਿੱਤੀ । ਸ. ਜੰਗਾ ਸਿੰਘ ਬੁਰਜ ਹਰੀਕੇ, ਸ. ਸੰਧੂਰਾ ਸਿੰਘ, ਮਨੀ ਸਿੰਘ ਵਾਲਾ ਅਤੇ ਗਿਆਨੀ ਜ਼ੈਲ ਸਿੰਘ ਦੀਆਂ ਸਰਗਰਮੀਆਂ ਖਤਮ ਕਰਨ ਲਈ ਉਹਨਾਂ ਦੇ ਖਿਲਾਫ ਫਰੀਦਕੋਟ ਦੇ ਮਹਾਰਾਜੇ ਨੇ ਅਦਾਲਤ ਵਿਚ ਮੁਕਦਮਾ ਦਾਇਰ ਕਰਵਾਇਆ । ਗਿਆਨੀ ਜੀ ਨੂੰ ਪੰਜ ਸਾਲ ਕੈਦ ਅਤੇ ਉਹਨਾਂ ਦੇ ਸਾਥੀਆਂ ਨੂੰ ਤਿੰਨ ਸਾਲ ਦੀ ਕੈਦ ਅਤੇ ਦੋ ਦੋ ਸੌ ਰੁਪਏ ਜੁਰਮਾਨਾ ਹੋਇਆ । ਗਿਆਨੀ ਜੀ ਨੂੰ 250 ਰੁਪਏ ਜੁਰਮਾਨਾ ਕੀਤਾ ਗਿਆ । ਆਪ ਜੀ ਪੰਜ ਸਾਲ ਜੇਲ੍ਹ ਵਿਚ ਰਹੇ ਅਤੇ 1943 ਈਸਵੀ ਵਿਚ ਰਿਹਾਅ ਹੋਏ ।

1943 ਈਸਵੀ....ਵਿਚ ਗਿਆਨੀ ਜੀ ਲਾਹੌਰ ਆ ਗਏ ਸਨ, ਕਿਉਂਕਿ ਉਹਨਾਂ ਦੇ ਜੱਦੀ ਪਿੰਡ ਸੰਧਵਾਂ ਵਿਚ ਉਹਨਾਂ ਦਾ ਰਹਿਣਾ ਖਤਰੇ ਤੋਂ ਖਾਲੀ ਨਹੀ ਸੀ । ਮਹਾਰਾਜਾ ਫਰੀਦ ਕੋਟ ਨੇ ਪੁਲੀਸ ਅਤੇ ਸੀ.ਆਈ.ਡੀ ਨੂੰ ਸਖਤ ਹਦਾਇਤ ਕੀਤੀ ਹੋਈ ਸੀ ਕਿ ਉਹ ਗਿਆਨੀ ਜੀ ਤੇ ਸਖਤ ਨਜ਼ਰ ਰਖਣ। ਗਿਆਨੀ ਜੀ ਨੇ ਲਾਹੌਰ ਆ ਕੇ ਮਾਸਟਰ ਤਾਰਾ ਸਿੰਘ ਨਾਲ ਮੁਲਾਕਾਤ ਕੀਤੀ ਅਤੇ ਫਿਰ ਸਿੱਖ ਮਿਸ਼ਨਰੀ ਕਾਲਜ ਵਿਚ ਦਾਖਲਾ ਲੈ ਲਿਆ ਅਤੇ ਉਨਾਂ ਨੂੰ 16 ਰੁਪਏ ਵਜ਼ੀਫਾ ਮਿਲਣਾ ਸ਼ੁਰੂ ਹੋ ਗਿਆ । ਉਥੋਂ ਉਹ ਮਿਸ਼ਨਰੀ ਕੋਰਸ ਪਾਸ ਕਰਕੇ ਪ੍ਰਿੰਸੀਪਲ ਗੰਗਾ ਸਿੰਘ ਦੇ ਕਹਿਣ ਤੇ ਗੁਰਦੁਆਰਾ ਪਾਤਸ਼ਾਹੀ ਛੇਂਵੀ ਪਿੰਡ ਬੋਦਲ (ਜਿਲਾ ਹੁਸ਼ਿਆਰਪੁਰ) ਵਿਚ ਆ ਗਏ ਅਤੇ ਧਰਮ ਪ੍ਰਚਾਰਕ ਬਣ ਗਏ ।

ਜਨਵਰੀ 1947 ਈਸਵੀ....ਵਿਚ ਗਿਆਨੀ ਜੀ ਅਤੇ ਕਾਜ਼ੀ ਬੈਦੂਲਾ ਜਨਰਲ ਸਕੱਤਰ ਪ੍ਰਜਾ ਮੰਡਲ ਵਲੋਂ, "ਹਮ ਕਿਆ ਚਾਹਤੇ ਹੈ ?" ਪੁਸਤਕ ਛਪਵਾਈ, ਜਿਸ ਵਿਚ ਫਰੀਦਕੋਟ ਦੇ ਮਹਾਰਾਜੇ ਦੇ ਅਤਿਆਚਾਰਾਂ ਦੇ ਕੱਚੇ ਚਿੱਠੇ ਬਿਆਨ ਕੀਤੇ ਸਨ ।

ਅਕਤੂਬਰ 1947 ਈਸਵੀ.... ਵਿਚ ਗਿਆਨੀ ਜੀ ਨੇ ਇਕ ਇਸ਼ਤਿਹਾਰ "ਰਿਆਸਤੀ ਭਰਾਵੋ ਜਾਗੋ" ਛਪਵਾਇਆ ਤੇ ਕੰਧਾਂ ਉਪਰ ਲਗਵਾਇਆ, ਜਿਸ ਦੁਆਰਾ ਰਿਆਸਤੀ ਲੋਕਾਂ ਨੂੰ ਸੰਦੇਸ਼ ਦਿੱਤਾ ਸੀ ਕਿ ਮਹਾਰਾਜੇ ਦੀਆਂ ਮਨਮਾਨੀਆਂ ਵਿਰੁਧ ਲਾਮਬੰਦ ਹੋ ਜਾਣ ।

18 ਅਕਤੂਬਰ 1947 ਈਸਵੀ.... ਗਿਆਨੀ ਜੀ ਦੀ ਪ੍ਰਧਾਨਗੀ ਹੇਠ ਕੋਟਕਪੂਰੇ ਵਿਖੇ ਪਰਜਾ ਮੰਡਲ ਦੇ ਕਾਰਕੁਨਾਂ ਦੀ ਮੀਟਿੰਗ ਹੋਈ, ਜਿਸ ਵਿਚਾਰ ਕੀਤੀ ਗਈ ਕਿ ਕਿਵੇ ਫਰੀਦਕੋਟ ਰਿਆਸਤ ਨੂੰ ਰਾਜੇ ਤੋ ਮੁਕਤ ਕਰਵਾਇਆ ਜਾਵੇ ।

29 ਫਰਵਰੀ 1948 ਈਸਵੀ....ਨੂੰ ਗਿਆਨੀ ਜੀ ਦੀ ਪ੍ਰਧਾਨਗੀ ਹੇਠ ਇਕ ਵਿਸ਼ਾਲ ਜਲੂਸ ਕਢਿਆ ਗਿਆ।

1 ਮਾਰਚ 1948 ਈਸਵੀ....ਨੂੰ ਗਿਆਨੀ ਜੀ ਦੀ ਅਗਵਾਈ ਹੇਠ ਹਜ਼ਾਰਾਂ ਦੀ ਸੰਖਿਆ ਵਿਚ ਦੇਸ਼ ਭਗਤਾਂ ਨੇ ਫਰੀਦਕੋਟ ਸਕਤਰੇਤ ਤੇ ਹਮਲਾ ਕਰ ਦਿੱਤਾ ਅਤੇ ਗਿਆਨੀ ਜ਼ੈਲ ਸਿੰਘ ਜੀ ਨੇ ਫਰੀਦਕੋਟ ਦੇ ਮਹਾਰਾਜੇ ਦੇ ਖਿਲਾਫ ਸਮਾਂਨਾਂਤਰ ਸਰਕਾਰ ਬਣਾ ਲਈ। ਮਹਾਰਾਜਾ ਫਰੀਦਕੋਟ ਕਿਤੇ ਬਾਹਰ ਗਿਆ ਹੋਇਆ ਸੀ, ਉਹ ਸਮਾਂਨਾਂਤਰ ਸਰਕਾਰ ਦੀ ਖਬਰ ਸੁਣ ਕੇ ਭੜਕ ਪਿਆ ਅਤੇ ਫਰੀਦਕੋਟ ਆਕੇ ਉਸਨੇ ਪੋਲੀਸ ਰਾਹੀਂ ਲੋਕਾਂ ਤੇ ਹੋਰ ਜ਼ਿਆਦਾ ਤਸ਼ਦਦ ਕਰਨੇ ਸ਼ੁਰੂ ਕਰ ਦਿੱਤੇ । ਅਨੇਕ ਦੇਸ਼ ਭਗਤਾਂ ਜੇਲ੍ਹਾਂ ਵਿਚ ਕੈਦ ਕਰ ਦਿੱਤੇ । ਮਹਾਰਾਜੇ ਦੇ ਹੁਕਮ ਨਾਲ ਗਿਆਨੀ ਜੀ ਨੂੰ ਜੀਪ ਪਿਛੇ ਬੰਨ ਕੇ ਸੜਕ ਤੇ ਘਸੀਟਿਆ ਗਿਆ, ਪਰੰਤੂ ਇਹ ਅਤਿਆਚਾਰ ਗਿਆਨੀ ਜੀ ਨੂੰ ਆਪਣੇ ਨਿਸ਼ਾਨੇ ਤੋਂ ਪਿਛਾਂਹ ਨਾ ਹਟਾ ਸਕੇ । ਫਿਰ ਉਹਨਾਂ ਨੂੰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ ।

20 ਮਾਰਚ 1948 ਈਸਵੀ....ਨੂੰ ਪੰਡਤ ਨਹਿਰੂ ਤੇ ਸਰਦਾਰ ਪਟੇਲ ਦੇ ਦਖਲ ਤੇ ਮਹਾਰਾਜੇ ਨੇ ਗਿਆਨੀ ਜੀ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਜੇਲ੍ਹ ਚੋ ਛਡਿਆ ।

20 ਜਨਵਰੀ 1949 ਈਸਵੀ....ਗਿਆਨੀ ਜੀ ਦੀਆਂ ਕੋਸ਼ਿਸ਼ਾਂ ਸਦਕਾ ਮਹਾਰਾਜੇ ਦਾ ਰਾਜ ਖਤਮ ਹੋਇਆ ਅਤੇ ਸਤਲੁਜ ਪਾਰ ਦੀਆਂ ਸਾਰੀਆਂ ਰਿਆਸਤਾਂ ਮਿਲਾਕੇ ਪੈਪਸੂ ਰਾਜ ਹੋਂਦ ਵਿਚ ਲਿਆਂਦਾ ਗਿਆ । ਸ. ਗਿਆਨ ਸਿੰਘ ਰਾੜੇਵਾਲਾ ਦੇ ਨਿਰਿਤ੍ਵ ਹੇਠ ਪੈਪਸੂ ਸਰਕਾਰ ਬਣੀ ਤਾਂ ਗਿਆਨੀ ਜ਼ੈਲ


KALGIDHAR

Kalgidhar®

ISI


Specialists in :

- ★ Complete Steel Rolling Mills for Patras, Girders, Angles, Channels, Light and Heavy Round and Square Bars.
- ★ Shearing Machines.
- ★ Cold and Hot 2Hi, 4Hi Rolling Mill for Stainless Steel.
- ★ Sheet Metal Finishing Machines.
- ★ Gear Boxes, Reduction Gears, Rolling Presses & High Class Casting & Twisting Machines.
- ★ Straightening Machines.
- ★ Sheet Levelling Machines.
- ★ Guillotine Shearing Machines etc.



2 Hi Polishing cum Cold Rolling Machine

DEPARTMENT OF INDUSTRIES ★ QUALITY M MARK ★ PUNJAB GOVT



2 Hi Pinch Pass Machine

KFAI

Phone. : 25793, 20465, 22163,
S.T.D. Code-01761

Manufacturers :

Grams : KALGIDHAR ~~Phone : 1668~~

Kalgidhar Foundry & Agro Industries (Regd.)

G. T. Road (Khanna Side), Opp. Power House,
MANDI GOBINDGARH-147 301

SISTER CONCERN: **G. K. Engineers Mandi Gobindgarh**

ਸਿੰਘ ਜੀ ਮਾਲ ਮੰਤਰੀ ਬਣੇ ।

23 ਮਈ 1951 ਈਸਵੀ....ਨੂੰ ਇਕ ਵਾਰ ਫਿਰ ਮੰਤਰੀ ਮੰਡਲ ਟੁਟ ਕੇ ਬਣਿਆ ਤਾਂ ਗਿਆਨੀ ਜੀ ਖੇਤੀ ਬਾੜੀ ਮੰਤਰੀ ਅਤੇ ਪੀ ਡਬਲਿਊ ਡੀਪਾਰਟਮੈਂਟ ਦੇ ਮੰਤਰੀ ਬਣੇ ।

1952 ਈਸਵੀ...ਵਿਚ ਗਿਆਨੀ ਜ਼ੈਲ ਸਿੰਘ ਦੀ ਸੰਪਾਦਕੀ ਹੇਠ "ਖਾਲਸਾ ਸੇਵਕ" ਅਖਬਾਰ ਪ੍ਰਕਾਸ਼ਤ ਹੋਣੀ ਸ਼ੁਰੂ ਹੋਈ, ਜਿਸਦੇ ਰੋਜ਼ਾਨਾ ਛੇ ਸਫੇ ਅਤੇ ਕੀਮਤ 5 ਪੈਸੇ ਹੁੰਦੀ ਸੀ । ਇਹ ਅਖਬਾਰ ਕੁਝ ਸਮਾਂ ਚਲੀ ਫਿਰ ਬੰਦ ਕਰਨੀ ਪਈ ।

1956 ਈਸਵੀ....ਵਿਚ ਪੈਪਸੂ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਰਾਜ ਸਭਾ ਦੇ ਮੈਂਬਰ ਬਣੇ ।

12 ਮਾਰਚ 1962 ਈਸਵੀ.... ਸਰਦਾਰ ਪ੍ਰਤਾਪ ਸਿੰਘ ਕੈਰੋਂ ਪੰਜਾਬ ਦੇ ਮੁਖ ਮੰਤਰੀ ਬਣੇ, ਤਾਂ ਉਸਦੇ ਮੰਤਰੀ ਮੰਡਲ ਵਿਚ ਗਿਆਨੀ ਜੀ ਨੂੰ ਪਸ਼ੂ ਪਾਲਣ ਅਤੇ ਜੇਲ੍ਹ ਵਿਭਾਗ ਦਿੱਤੇ ।

15 ਮਾਰਚ 1972 ਈਸਵੀ...ਨੂੰ ਗਿਆਨੀ ਜੀ ਪਹਿਲੀ ਵਾਰ ਪੰਜਾਬ ਦੇ ਮੁਖ ਮੰਤਰੀ ਬਣੇ ।

10 ਅਪ੍ਰੈਲ 1973 ਈਸਵੀ... ਗਿਆਨੀ ਜ਼ੈਲ ਸਿੰਘ ਜੀ ਨੇ ਅਨੰਦਪੁਰ ਸਾਹਿਬ ਤੋਂ ਤਲਵੰਡੀ ਸਾਬੋ, ਦਮਦਮਾ ਸਾਹਿਬ ਤਕ ਗੁਰੂ ਗੋਬਿੰਦ ਸਿੰਘ ਮਾਰਗ ਤਿਆਰ ਕੀਤਾ ਸੀ ਅਤੇ ਫਿਰ ਇਤਿਹਾਸਕ ਯਾਤਰਾ ਕੀਤੀ ਗਈ । ਇਹ ਮਾਰਗ 640 ਕਿਲੋਮੀਟਰ ਲੰਬਾ ਹੈ ।

ਜੁਲਾਈ 1974 ਈਸਵੀ.... ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਉਹਨਾਂ ਨੂੰ ਡਾਕਟਰ ਆਫ ਲਾਅ ਦੀ ਡਿਗਰੀ ਪ੍ਰਧਾਨ ਕੀਤੀ ।

12 ਜੂਨ 1975 ਈਸਵੀ...ਨੂੰ ਅਲਾਹਾਬਾਦ ਹਾਈਕੋਰਟ ਨੇ ਇੰਦਰਾ ਗਾਂਧੀ ਦੀ ਚੋਣ ਨੂੰ ਨਾਜਾਇਜ਼ ਕਰਾਰ ਕਰ ਦਿੱਤਾ ਤਾਂ ਉਸ ਸੰਕਟ ਦੀ ਘੜੀ ਗਿਆਨੀ ਜੀ ਨੇ ਇੰਦਰਾ ਗਾਂਧੀ ਜੀ ਦਾ ਪੱਖ ਪੂਰਿਆ ।

2 ਮਈ 1977 ਈਸਵੀ.... ਨੂੰ ਪੰਜਾਬ ਵਿਚ ਪ੍ਰਧਾਨਗੀ ਸ਼ਾਸਨ ਲਾਗੂ ਹੋ ਗਿਆ, ਆਪ ਜੀ ਨੇ ਮੁੱਖ ਮੰਤਰੀ ਪੱਦ ਤੋਂ ਅਸਤੀਫਾ ਦੇ ਦਿੱਤਾ । ਜੂਨ 1977 ਈਸਵੀ ਵਿਚ ਚੋਣਾਂ ਹੋਈਆਂ ਤਾਂ ਅਕਾਲੀ ਦਲ ਨੂੰ ਬਹੁਮੱਤ ਮਿਲਿਆ, ਸ. ਪ੍ਰਕਾਸ਼ ਸਿੰਘ ਬਾਦਲ ਮੁਖ ਮੰਤਰੀ ਬਣੇ ।

12 ਜਨਵਰੀ 1978 ਈਸਵੀ.... ਨੂੰ ਪ੍ਰਕਾਸ਼ ਸਿੰਘ ਬਾਦਲ ਨੇ ਗਿਆਨੀ ਜੀ ਵਿਰੁਧ ਜਸਟਿਸ ਗੁਰਦੇਵ ਸਿੰਘ ਦੀ ਦੇਖ ਰੇਖ ਹੇਠ ਜਾਂਚ ਕਮਿਸ਼ਨ ਬਿਠਾਇਆ, ਪ੍ਰੰਤੂ ਉਹ ਗਿਆਨੀ ਜੀ ਵਿਰੁਧ ਕੋਈ ਵੀ ਦੋਸ਼ ਸਿਧ ਨਾ ਕਰ ਸਕਿਆ ।

14 ਜਨਵਰੀ 1980 ਈਸਵੀ.... ਨੂੰ ਲੋਕ ਸਭਾ ਦੀਆਂ ਚੋਣਾਂ ਹੋਈਆਂ, ਗਿਆਨੀ ਜੀ ਨੇ ਹੁਸ਼ਿਆਰਪੁਰ ਪਾਰਲੀਮਾਨੀ ਸੀਟ ਤੋਂ ਲੋਕ ਸਭਾ ਦੀ ਚੋਣ ਲੜੀ ਤਾਂ ਆਪ ਜਿਤ ਗਏ ਤਾਂ ਸ੍ਰੀ ਮਤੀ ਇੰਦਰਾ ਗਾਂਧੀ ਨੇ ਉਹਨਾਂ ਨੂੰ ਮੰਤਰੀ ਮੰਡਲ ਵਿਚ ਗ੍ਰਹਿ ਮੰਤਰੀ ਬਣਾਇਆ ।

22 ਜੂਨ 1982 ਈਸਵੀ.... ਨੂੰ ਗਿਆਨੀ ਜੀ ਨੇ ਗ੍ਰਹਿ ਮੰਤਰੀ ਦੇ ਪਦ ਤੋਂ ਅਸਤੀਫਾ ਦੇ ਦਿੱਤਾ ਤਾਂ ਕਾਂਗਰਸ ਪਾਰਟੀ ਵਲੋਂ ਉਨਾਂ ਦਾ ਨਾਮ ਰਾਸ਼ਟਰਪਤੀ ਪਦ ਲਈ ਘੋਸ਼ਿਤ ਕੀਤਾ ਗਿਆ ।

12 ਜੁਲਾਈ 1982 ਈਸਵੀ.... ਨੂੰ ਰਾਸ਼ਟਰਪਤੀ ਦੇ ਪਦ ਲਈ ਪਰਚੀਆਂ ਪਈਆਂ । ਗਿਆਨੀ ਜੀ ਤੇ ਸ੍ਰੀ ਹੰਸ ਰਾਜ ਖੰਨਾ ਵਿਚਕਾਰ ਮੁਕਾਬਲਾ ਸੀ ।

15 ਜੁਲਾਈ 1982 ਈਸਵੀ.... ਨੂੰ ਰਾਸ਼ਟ੍ਰਪਤੀ ਪਦ ਲਈ ਪਈਆਂ ਵੋਟਾਂ ਦੇ ਨਤੀਜੇ ਦਾ ਐਲਾਨ ਹੋ ਗਿਆ, ਗਿਆਨੀ ਜ਼ੈਲ ਸਿੰਘ ਜੀ ਚੋਣ ਜਿਤ ਗਏ ਅਤੇ ਭਾਰਤ ਦੇ ਸਤਵੇਂ ਰਾਸ਼ਟ੍ਰਪਤੀ ਬਣ ਗਏ । ਉਹਨਾਂ ਨੇ ਆਪਣੇ ਵਿਰੋਧੀ ਸ੍ਰੀ ਹੰਸ ਰਾਜ ਖੰਨਾ ਨੂੰ 4,71,428 ਵੋਟਾਂ ਤੇ ਹਰਾਇਆ।

ਜੂਨ 1984 ਈਸਵੀ.... ਇਹ ਸਾਲ ਗਿਆਨੀ ਜੀ ਦੀ ਪ੍ਰਿਖਿਆ ਦਾ ਸਾਲ ਸੀ । ਜੂਨ ਮਹੀਨੇ ਦੇ ਪਹਿਲੇ ਹਫਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਤੇ ਹਿੰਦ ਸਰਕਾਰ ਦੀ ਫੌਜ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਫੌਜੀ ਹਮਲਾ ਕਰ ਦਿੱਤਾ, ਮੰਤਵ ਇਹ ਸੀ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਅਤੇ ਉਸਦੇ ਸਾਥੀਆਂ ਨੂੰ ਖਤਮ ਕੀਤਾ ਜਾਵੇ । ਭਾਰਤੀ ਫੌਜ ਨੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਤਹਿਸ ਨਹਿਸ ਕਰ ਦਿੱਤਾ । ਫੌਜੀ ਕਾਰਵਾਈ ਤੋਂ ਤੁਰੰਤ ਬਾਅਦ ਗਿਆਨੀ ਜੀ ਕਿਸੇ ਦੀ ਵੀ ਪ੍ਰਵਾਹ ਕੀਤੇ ਬਿਨਾਂ ਸ੍ਰੀ ਦਰਬਾਰ ਸਾਹਿਬ ਆਏ ਅਤੇ ਪ੍ਰਭਾਵਸ਼ਾਲੀ ਇਤਿਹਾਸਕ ਲੈਕਚਰ ਕੀਤਾ । ਸਿੱਖ ਜਗਤ ਨੂੰ ਉਹਨਾਂ ਦੇ ਭਾਸ਼ਨ ਨੇ ਕੁਝ ਢਾਰਸ ਬਨ੍ਹਾਈ ।

1987 ਈਸਵੀ.... ਗਿਆਨੀ ਜੀ ਪੰਜ ਸਾਲ ਹਿੰਦੋਸਤਾਨ ਦੇ ਰਾਸ਼ਟ੍ਰਪਤੀ ਦੇ ਪਦ ਤੇ ਸ਼ੋਭਤ ਰਹੇ, 1987 ਵਿਚ ਰੀਟਾਇਰਡ ਹੋ ਗਏ । ਆਪ ਜੀ ਹਰ ਸਮੇਂ ਰਾਮਗੜ੍ਹੀਆ ਸਮਾਜ ਦੀ ਸੇਵਾ ਕਰਨ ਲਈ ਤਤਪਰ ਰਹਿੰਦੇ ਸਨ ।

29 ਨਵੰਬਰ 1994 ਈਸਵੀ.... ਨੂੰ ਗਿਆਨੀ ਜੀ ਸ੍ਰੀ ਆਨੰਦਪੁਰ ਸਾਹਿਬ ਤੇ ਕਾਰ ਰਾਂਹੀ ਮਥਾ ਟੇਕ ਕੇ ਵਾਪਸ ਆ ਰਹੇ ਸਨ ਕਿ ਰਸਤੇ ਵਿਚ ਇਕ ਟਰੱਕ ਨਾਲ ਉਨਾਂ ਦੀ ਕਾਰ ਟਕਰਾ ਗਈ। ਆਪ ਜੀ ਸਖਤ ਜ਼ਖਮੀ ਹੋ ਗਏ, ਉਹਨਾਂ ਨੂੰ ਪੀ.ਜੀ.ਆਈ. ਹਸਪਤਾਲ ਚੰਡੀਗੜ੍ਹ ਵਿਖੇ ਦਾਖਲ

ਕਰਵਾਇਆ ਗਿਆ । ਡਾਕਟਰ ਨੇ ਉਨ੍ਹਾਂ ਨੂੰ ਠੀਕ ਕਰਨ ਲਈ ਬਹੁਤ ਜ਼ੋਰ ਲਗਾਇਆ ਅਤੇ ਇਸ ਪ੍ਰਕਾਰ 27 ਦਿਨ ਗਿਆਨੀ ਜੀ ਰਾਤ ਦਿਨ ਮੌਤ ਨਾਲ ਜੂਝਦੇ ਰਹੇ ।

25 ਦਸੰਬਰ 1994 ਈਸਵੀ.....ਨੂੰ ਸਵੇਰੇ ਲਗ ਭਗ ਇਕ ਮਹੀਨਾ ਬੀਮਾਰ ਰਹਿਣ ਬਾਅਦ, ਗਿਆਨੀ ਜੀ ਪਰਲੋਕ ਸਿਧਾਰ ਗਏ । ਉਹਨਾਂ ਦੀ ਮ੍ਰਿਤਕ ਦੇਹ ਚੰਡੀਗੜ੍ਹ ਵਿਖੇ ਲੋਕਾਂ ਦੇ ਦਰਸ਼ਨਾਂ ਨਮਿਤ ਰਖੀ ਗਈ ।

26 ਦਸੰਬਰ 1994 ਈਸਵੀ.... ਮੰਗਲਵਾਰ ਨੂੰ ਸਰਕਾਰੀ ਸਨਮਾਨਾਂ ਨਾਲ ਉਹਨਾਂ ਦੀ ਮ੍ਰਿਤਕ ਦੇਹ ਦਾ ਅੰਤਮ ਸੰਸਕਾਰ ਕੀਤਾ ਗਿਆ ਅਤੇ ਰਾਖ ਨੂੰ ਹਰਦੁਆਰ ਅਤੇ ਕੀਰਤਪੁਰ ਸਾਹਿਬ ਵਿਖੇ ਜਲ ਪ੍ਰਵਾਹ ਕਰ ਦਿੱਤਾ।

ਇਸ ਪ੍ਰਕਾਰ ਇਕ ਯੁਗ ਬੀਤ ਗਿਆ, ਗਰੀਬਾਂ ਦਾ ਮਸੀਹਾ ਸਦਾ ਲਈ ਅੱਖਾਂ ਤੋ ਅਲੋਪ ਹੋ ਗਿਆ। ਉਹ ਪਹਿਲਾਂ ਪੰਜਾਬੀ ਅਤੇ ਗੁਰਸਿਖੀ ਸਰੂਪ ਵਾਲਾ ਸਿੱਖ ਸੀ, ਜੋ ਰਾਸ਼ਟਰਪਤੀ ਪਦ ਤੇ ਸਸ਼ੋਭਤ ਹੋਇਆ ।ਉਹਨਾਂ ਨੇ ਇਕ ਬਹੱਦ ਗਰੀਬ ਰਾਮਗੜ੍ਹੀਆ ਪ੍ਰਵਾਰ ਵਿਚ ਜਨਮ ਲੈ ਕੇ ਅਨੇਕ ਕਠਿਨਾਈਆਂ ਝਲਕੇ ਸੁਤੰਤਰਤਾ ਸੰਗਰਾਮ ਵਿਚ ਹਿੱਸਾ ਲਿਆ ਅਤੇ ਫਿਰ ਪਾਰਟੀ ਪ੍ਰਧਾਨ, ਮੁੱਖ ਮੰਤਰੀ, ਗ੍ਰਹਿ ਮੰਤਰੀ ਦੇ ਪਦਾਂ ਉਪਰ ਸਸ਼ੋਭਤ ਹੁੰਕੇ, ਪਉੜੀਦਰ ਪਉੜੀ ਰਾਸ਼ਟ੍ਰਪਤੀ ਦੇ ਪਦ ਤੇ ਸਸ਼ੋਭਤ ਹੋਏ ਸਨ । ਇਤਿਹਾਸ ਵਿਚ ਉਹਨਾਂ ਦਾ ਨਾਮ ਸਦਾ ਆਦਰ ਸਹਿਤ ਯਾਦ ਰਖਿਆ ਜਾਵੇਗਾ ।

ਪਿੰਡ ਜੋਆ ਨੰਥਾ
ਡਾਕਖਾਨਾ-ਖੁੱਡਾ-144305

ਬਹੁ-ਪੱਖੀ ਸ਼ਖਸੀਅਤ

ਗਿ. ਜ਼ੈਲ ਸਿੰਘ ਕਿੰਨ੍ਹਾਂ ਮਹਾਨ ਹੈ ?
ਕਿਸੇ ਕਿੱਹਾ ਗੁਰੂ ਨਾਨਕ ਦਾ ਸਿੱਖ ਸੱਚਾ,
ਭਾਈ ਲਾਲੋ ਦਾ ਵਾਰਸ ਤਰਖਾਨ, ਹੈ.....
ਕਿਸੇ ਕਿਹਾ, ਨਹੀਂ, ਦੁਨੀਆ ਦੇ ਅੰਨਦਾਤੇ
ਇਹ ਕਿਸਾਨ ਦਾ ਪੁੱਤਰ, ਕਿਰਸਾਨ ਹੈ,
ਕਿਸੇ ਕਿਹਾ, ਕਿ ਪ੍ਰਧਾਨ ਕੌਰ ਦਾ ਪਤੀ,
ਇਹ ਤਾਂ ਰਾਸ਼ਟਰ ਦਾ ਪਤੀ ਪ੍ਰਧਾਨ ਹੈ.....
ਕਿਸੇ ਕਿਹਾ ਪੰਜਾਬ ਦਾ ਜੰਮਪਲ ਹੈ
ਭਾਰਤ ਮਾਂ ਦਾ ਸਪੂਤ ਮਹਾਨ ਹੈ....
ਕਿਸੇ ਕਿਹਾ, ਪ੍ਰਜਾ ਮੰਡਲ ਦਾ ਮੁਖੀ,
ਹਸ ਹਸ ਪਰਜਾ ਲਈ ਹੋਇਆ ਕੁਰਬਾਨ ਹੈ....
ਕਿਸੇ ਕਿਹਾ, ਇਹ ਸੱਚਮੁੱਚ ਖਾਲਸਾ ਏ,
ਸੱਚਾ ਸੁੱਚਾ ਖਾਲਸ ਇਨਸਾਨ ਹੈ...
ਕਿਸੇ ਕਿਹਾ, ਮਸੀਹਾ ਇਹ ਮਾੜਿਆਂ ਦਾ,
ਦੱਬੇ ਕੁਚਲਿੱਆਂ ਦੀ ਜ਼ਬਾਨ ਹੈ ....
ਕਿਸੇ ਕਿਹਾ, ਇਹ ਕਾਰ ਨਾਲ ਬੱਝਣ ਵਾਲਾ,
ਜ਼ੁਲਮ ਰੋਕਣ ਲਈ ਬਣਿਆ ਚਟਾਨ ਹੈ....
ਕਿਸੇ ਕਿਹਾ, ਅਟੱਲ ਇਹ ਧਰੂਅ ਤਾਰਾ,
ਮੁਸ਼ਕਲਾ ਕਟ ਕਟ ਚੜ੍ਹਆ ਅਸਮਾਨ ਹ....
ਕਿਸੇ ਕਿਹਾ, ਪਾਠੀ ਗ੍ਰੰਥੀ ਗੁਰੂ ਘਰ ਦਾ,
ਪਾਠ ਕਰ ਕਰ ਹੋਇਆ ਪ੍ਰਵਾਨ ਹੈ ....
ਕਿਸੇ ਕਿਹਾ, ਸਿਰ ਤੇ ਤਸਲਾ ਗਾਰ ਦਾ ਜੋ,
ਦਿੱਤਾ ਛਤਰ ਇਸ ਸੌਢੀ ਸੁਲਤਾਨ ਹੈ...
ਕਿਸੇ ਕਿੱਹਾ, ਬਹੁ ਪੱਖੀ ਸ਼ਖਸੀਅਤ ਹੈ ਇਹ,
ਹਰ ਇਕ ਪਖ ਇਸਦਾ ਆਲੀਸ਼ਾਨ ਹੈ...
ਕਿਸੇ ਕਿਹਾ ਕਿ ਫਖਰੇ ਕੌਮ ਹੈ ਇਹ,
ਰਾਮਗੜ੍ਹੀਆਂ ਦੀ ਅਣਖ ਤੇ ਆਨ ਹੈ....
ਕਿਸੇ ਕਿਹਾ, ਗੋਬਿੰਦ ਮਾਰਗ ਦਾ ਰਾਹੀ,
ਆਪਣੀ ਮੰਜ਼ਲ ਜਿਸ ਲਈ ਪਛਾਣ ਹੈ ....
ਕਿਸੇ ਕਿਹਾ, ਸੁਰਖਰੂ ਮੁੱਖ ਚਲਿਆ,
ਪਹੁੰਚਾ ਸੱਚਖੰਡ ਨਾਲ ਸਨਮਾਨ ਹੈ...
ਕਿਸੇ ਕੁੱਝ ਕਿਹਾ ਕਿਸੇ ਕੁੱਝ ਕਿਹਾ,
ਕੀਤਾ ਵੱਧ ਤੋ ਵੱਧ ਬਿਆਨ ਹੈ....
ਪਰ ਹਿਤੈਸ਼ੀ, ਕੋਈ ਨਾ ਦੱਸ ਸਕਿਆ,
ਗਿਆਨੀ ਜ਼ੈਲ ਸਿੰਘ ਕਿਨਾਂ ਮਹਾਨ ਹੈ...?
ਗਿ. ਜ਼ੈਲ ਸਿੰਘ ਕਿਤਨਾਂ ਮਹਾਨ ਹੈ....?

-ਗੁਰਬਚਨ ਸਿੰਘ ਹਿਤੈਸ਼ੀ

ਇਕ ਵਿਲੱਖਣ ਸ਼ਖਸੀਅਤ ਸਨ ਰਾਸ਼ਟ੍ਰਪਤੀ ਗਿਆਨੀ ਜ਼ੈਲ ਸਿੰਘ

-ਸੁਰਿੰਦਰ ਸਿੰਘ ਜੌਹਰ-

ਪੰਜਾਬ ਆਉਣ ਤੋਂ ਦੋ ਦਿਨ ਪਹਿਲਾਂ ਮੇਰੀ ਗਿਆਨੀ ਜ਼ੈਲ ਸਿੰਘ ਨਾਲ ਮੁਲਾਕਾਤ ਹੋਈ। ਮੈਂ ਜਦ ਉਨ੍ਹਾਂ ਦੀ ਕੋਠੀ 4 ਸਰਕੁਲਰ ਰੋਡ ਪਹੁੰਚਿਆ ਤਾਂ ਮਿਲਣ ਵਾਲਿਆਂ ਦਾ ਤਾਂਤਾ ਲਗਿਆ ਹੋਇਆ ਸੀ। ਦੂਰ ਦੂਰ ਤੋਂ ਲੋਕ ਗਿਆਨੀ ਜੀ ਨੂੰ ਮਿਲਣ ਆਏ ਹੋਏ ਸਨ। ਮਨ ਵਿਚ ਖਿਆਲ ਆਇਆ ਕਿ ਇਹ ਲੋਕ ਗਿਆਨੀ ਜੀ ਨੂੰ ਕਿਉਂ ਮਿਲਣ ਆਉਂਦੇ ਹਨ? ਗਿਆਨੀ ਜੀ ਉਨ੍ਹਾਂ ਨੂੰ ਕੀ ਦੇ ਸਕਦੇ ਹਨ? ਉਨ੍ਹਾਂ ਦਾ ਕੀ ਕੰਮ ਸੰਵਾਰ ਸਕਦੇ ਹਨ? ਉਨ੍ਹਾਂ ਨੂੰ ਰਾਸ਼ਟ੍ਰਪਤੀ ਦੇ ਅਹੁਦੇ ਤੋਂ ਰਿਟਾਇਰ ਹੋਇਆਂ 7 ਸਾਲ ਹੋ ਗਏ ਹਨ, ਕੌਣ ਉਨ੍ਹਾਂ ਦੀ ਸੁਣਦਾ ਹੈ।

ਮੈਂ ਇਨ੍ਹਾਂ ਸੋਚਾਂ ਵਿਚ ਡੁੱਬਿਆ ਹੀ ਹੋਇਆ ਸਾਂ ਕਿ ਪਿੱਛਿਉਂ ਕਿਸੇ ਨੇ ਮੇਰੇ ਮੋਢੇ ਤੇ ਆ ਕੇ ਹੱਥ ਰੱਖਿਆ, 'ਸਰਦਾਰ ਜੀ ਕਿਆ ਹਾਲ ਹੈ ਆਪ ਕਾ?' ਮੈਂ ਪਿਛੇ ਮੁੜ ਕੇ ਵੇਖਿਆ, ਇਕ ਤਾਮਿਲਨਾਡੂ ਦਾ ਰਹਿਣ ਵਾਲਾ ਕਾਂਗਰਸ ਵਰਕਰ ਸੀ, ਜਿਹੜਾ 1980-81 ਵਿਚ ਅਕਸਰ ਗਿਆਨੀ ਜੀ ਕੋਲ ਆਇਆ ਕਰਦਾ ਸੀ। ਉਦੋਂ ਗਿਆਨੀ ਜੀ ਗ੍ਰਿਹ ਮੰਤਰੀ ਸਨ। ਦੇਸ਼ ਦੇ ਕੋਨੇ ਕੋਨੇ ਤੋਂ ਕਾਂਗਰਸੀ ਵਰਕਰ ਹੀ ਨਹੀ ਸਗੋਂ ਆਮ ਲੋਕ ਗਿਆਨੀ ਜੀ ਨੂੰ ਮਿਲਣ ਆਇਆ ਕਰਦੇ ਸਨ। ਨਾਰਥ ਬਲਾਕ ਜਿਥੇ ਗਿਆਨੀ ਜੀ ਦਾ ਦਫਤਰ ਸੀ ਤੇ ਰੇਸ ਕੋਰਸ ਵਾਲੀ ਉਨ੍ਹਾਂ ਦੀ ਕੋਠੀ ਤੇ ਹਰ ਵੇਲੇ ਮੇਲਾ ਲਗਾ ਰਹਿੰਦਾ ਸੀ। ਉਦੋਂ ਗਲ ਹੋਰ ਸੀ ਪਰ ਹੁਣ?

ਮੈਂ ਵਰਧਰਾਜਨ ਨੂੰ ਪੁਛਿਆ, 'ਕਿਆ ਹਾਲ ਚਾਲ ਹੈ, ਅੱਛੇ ਤੋ ਹੋ। ਅਬ ਕੈਸੇ ਆਨਾ ਹੁਆ। ਕੋਈ ਖਾਸ ਕਾਮ।' 'ਕਾਮ ਕਿਆ ਹੋਨਾ ਹੈ ਬਸ ਗਿਆਨੀ ਜੀ ਕੇ ਦਰਸ਼ਨ ਕਰਨੇ ਚਲਾ ਆਇਆ, ਉਨ ਕੇ ਪਾਉਂ ਕੋ ਹਾਥ ਕਗਾ ਕਰ ਮਨ ਪ੍ਰਸੰਨ ਹੋ ਜਾਤਾ ਹੈ।'

ਵੇਟਿੰਗ ਰੂਮ ਵਿਚ ਪਹੁੰਚੇ ਤਾਂ ਪੰਜਾਬ, ਹਰਿਆਣਾ, ਅਤੇ ਦਿੱਲੀ ਤੋਂ ਕਈ ਲੋਕ ਗਿਆਨੀ ਜੀ ਨੂੰ ਮਿਲਣ ਆਏ ਹੋਏ ਸਨ। ਕਿਸੇ ਦੇ ਹੱਥ ਵਿਚ ਅਰਜ਼ੀ ਫੜੀ ਹੋਈ ਸੀ। ਕੋਈ ਆਪਣੀ ਨਵੀਂ ਕਿਤਾਬ ਭੇਂਟ ਕਰਨ ਆਇਆ ਹੋਇਆ ਸੀ। ਕੋਈ ਆਪਣੇ ਬੇਟੇ ਬੇਟੀ ਦੀ ਸ਼ਾਦੀ ਤੇ ਗਿਆਨੀ ਜੀ ਨੂੰ ਸੱਦਾ ਪੱਤਰ ਦੇਣ ਆਇਆ ਹੋਇਆ ਸੀ ਪਰ ਬਹੁਤੇ ਲੋਕ ਉਨ੍ਹਾਂ ਦੇ ਪੈਰੀਂ ਹੱਥ ਲਗਾਉਣ ਲਈ ਹੀ ਆਏ ਹੋਏ ਸਨ, ਬਸ ਅਸ਼ੀਰਵਾਦ ਲੈਣ ਲਈ।

ਮੈਂ ਪੀ ਏ ਨੂੰ ਆਖਿਆ 'ਮੈਨੂੰ ਸਭ ਤੋਂ ਅਖੀਰ ਵਿਚ ਮਿਲਾਈਂ, ਅਜ ਬਹੁਤ ਗਲਾਂ ਕਰਨੀਆਂ ਨੇਂ।" 'ਠੀਕ ਹੈ।' ਮੈਂ ਗਿਆਨੀ ਜੀ ਦੇ ਡਰਾਇੰਗ ਰੂਮ ਵਿਚ ਦਾਖਲ ਹੋਇਆ ਤਾਂ ਗਿਆਨੀ ਜੀ ਸਿਰ ਤੇ ਪਟਕਾ ਬੰਨ੍ਹ ਕੇ ਬੈਠੇ ਹੋਏ ਸਨ। ਮੇਰੇ ਮਨ ਨੂੰ ਇਕ ਝਟਕਾ ਲੱਗਾ। ਮੈਂ ਪਿਛਲੇ 15 ਸਾਲਾਂ ਵਿਚ ਗਿਆਨੀ ਜੀ ਨੂੰ ਤੀਜੀ ਵਾਰੀ ਇਤਨਾ ਉਦਾਸ ਵੇਖਿਆ। ਉਨ੍ਹਾਂ ਦੇ ਚਿਹਰੇ ਤੇ ਗਮੀ ਦੇ ਚਿੰਨ੍ਹ ਉਕਰੇ ਹੋਏ ਸਨ। ਮੈਨੂੰ ਲੱਗਿਆ ਉਹ 15 ਦਿਨਾਂ ਵਿਚ ਹੀ ਆਪਣੀ ਉਮਰ ਨਾਲੋਂ ਹੋਰ ਵਡੇਰੇ ਲਗ ਰਹੇ ਸਨ। ਕਿਉਂ, ਕੀ ਹੋ ਗਿਆ? ਸਮਝ ਨਹੀਂ ਸੀ ਆ ਰਹੀ। ਮੈਂ ਪਾਣੀ ਦਾ ਗਿਲਾਸ ਮੰਗਵਾ ਕੇ


GEMCO
BICYCLE PARTS
Guaranteed for Accuracy and Durability
Phones : 405097, 404579, 25142
GEMCO
GIAN SINGH & SONS
96-R, INDUSTRIAL AREA-B,
LUDHIANA-141003. GRAM. GEMCO

ਪੀਤਾ ।ਉਹ ਪਹਿਲੀ ਵਾਰ ਆਪਰੇਸ਼ਨ ਬਲਿਊ ਸਟਾਰ ਵੇਲੇ, ਦੂਜੀ ਵਾਰ 1984 ਦੇ ਦੰਗਿਆਂ ਸਮੇ ਡੋਲੇ ਹੋਏ ਸਨ ।

ਗਿਆਨੀ ਜੀ ਨੇ ਪੁਛਿੱਆ ਕੀ ਹਾਲ ਚਾਲ ਹੈ ਤੇਰਾ, ਬੜੇ ਦਿਨਾਂ ਬਾਅਦ ਆਇਆਂ ਹੈਂ ।ਮੈਂ ਕਿਹਾ ਬਿਲਕੁਲ ਠੀਕ ਹਾਂ, ਪਰ ਤੁਹਾਡੀ ਤਬੀਅਤ ਕੁਝ ਢਿੱਲੀ ਲਗਦੀ ਹੈ '।

"ਹਾਂ, ਅੱਜਕਲ ਤਬੀਅਤ ਕੁਝ ਠੀਕ ਨਹੀਂ ਰਹਿੰਦੀ ।ਚੱਲ ਛੱਡ ਜੋ ਵਾਹਿਗੁਰੂ ਦਾ ਹੁਕਮ ਹੋਏਗਾ ।' ਵਾਹਿਗੁਰੂ ਭਲੀ ਹੀ ਕਰੇਗਾ ।
'ਚੱਲ ਹੋਰ ਕੋਈ ਗਲ ਕਰੀਏ ।ਹੁਣ ਤੂੰ ਜਲਦੀ ਜਲਦੀ ਮੇਰੀ ਮੇਰੀ ਜੀਵਨੀ ਦਾ ਦੂਜਾ ਭਾਗ ਵੀ ਮੁਕੰਮਲ ਕਰ ਦੇ। ਪਹਿਲਾਂ ਸ਼ਾਇਦ ਤੂੰ 1982 ਤਕ ਹੀ ਮੇਰੇ ਜੀਵਨ ਬਾਰੇ ਲਿਖਿਆ ਸੀ, ਪਰ ਇਸ ਤੋਂ ਅੱਗੇ ਦਾ ਸਮਾਂ ਬਹੁਤ ਹੀ ਮਹੱਤਵਪੂਰਨ ਹੈ ।ਪੰਜਾਬ ਦੀ ਸਥਿਤੀ ਵਿਗੜੀ, ਆਪਰੇਸ਼ਨ ਬਲਿਊ ਸਟਾਰ ਤੇ ਸ੍ਰੀਮਤੀ ਇੰਦਰਾ ਗਾਂਧੀ ਦਾ ਕਤਲ, ਉਸ ਮਗਰੋਂ ਸਿੱਖਾਂ ਵਿਰੁੱਧ ਦੰਗੇ । ਨਿਰਦੋਸ਼ਾਂ ਦੇ ਕਤਲ ।ਰਾਜੀਵ ਗਾਂਧੀ ਦਾ ਮੇਰੇ ਨਾਲ ਸਲੂਕ ।" ਉਹ ਤਾਂ ਹੈ ਹੀ, ਪਰ ਤੁਹਾਡੀ ਸਵੈ ਜੀਵਨੀ ਦਾ ਕੀ ਬਣਿਆ ?' 'ਉਹ ਮੁਕੰਮਲ ਹੋ ਚੁੱਕੀ ਹੈ, ਚਾਰ ਭਾਸ਼ਾਵਾਂ 'ਚ ਪੰਜਾਬੀ ਹਿੰਦੀ, ਉਰਦੂ ਤੇ ਅੰਗਰੇਜ਼ੀ ਵਿਚ, ਪਰ ਮੈਂ ਪੁਸਤਕਾਂ ਛਾਪਣ ਬਾਰੇ ਕੁਝ ਨਹੀਂ ਸੋਚਿਆ । ਮਨ ਨਹੀਂ ਬਣ ਰਿਹਾ । ਕਿਸੇ ਨਤੀਜੇ ਤੇ ਨਹੀਂ ਪਹੁੰਚ ਰਿਹਾ। ਕੀ ਕਰਾਂ ਤੇ ਕੀ ਨਾਂ ਕਰਾਂ ।'ਇੰਝ ਕਰ, ਪਹਿਲਾਂ ਤੂੰ ਮੇਰੀ ਜੀਵਨੀ ਮੁਕੰਮਲ ਕਰ, ਤੇਰੇ ਕੋਲ ਕਾਫੀ ਮੈਟਰ ਹੈ । ਜਲਦੀ ਕਰ ਲੈ ਜ਼ਿੰਦਗੀ ਦਾ ਕੋਈ ਭਰੋਸਾ ਨਹੀਂ ਪਤਾ ਨਹੀਂ ਕਿਸ ਵੇਲੇ ਹੁਕਮ ਆ ਜਾਏ ।"

"ਗਿਆਨੀ ਜੀ ਅਜ ਕਿਉਂ ਮਾਯੂਸੀ ਤੇ ਉਦਾਸੀ ਦੀਆਂ ਗਲਾਂ ਕਰਦੇ ਹੋ ।ਹਾਲੇ ਤੁਸੀਂ ਲੰਬੇ ਸਮੇ ਲਈ ਜੀਂਣਾ ਹੈ ।"

"ਤੂੰ ਮੇਰੇ ਨਾਲ ਵਿਚਾਰ ਜਰੂਰ ਕਰ ਲਈਂ । ਮੈਂ ਆਪਣੇ ਸੁਝਾਅ ਵੀ ਦਿਆਂਗਾ । ਪੈਸੇ ਦਾ ਧਿਆਨ ਨਾ ਕਰੀਂ ਨਾ ਲਾਲਚ, ਬੱਸ ਇਕ ਵਾਰ ਦੁਨੀਆ ਨੂੰ ਦਸ ਦਈਂ ਕਿ ਇਨਸਾਨ ਕਿੰਨਾ ਅਹਿਸਾਨ ਫਰਾਮੋਸ਼ ਹੁੰਦਾ ਹੈ । ਕਿਸ ਤਰਾਂ ਉਸ ਦੀਆਂ ਅੱਖਾਂ ਬਦਲ ਜਾਂਦੀਆਂ ਹਨ ।ਬਸ, ਹੋਰ ਕੀ ਹੈ ? ਇਹ ਦੁਨੀਆ ਹੀ ਏਹੋ ਜਿਹੀ ਹੈ ।"

"ਪਰ ਗਿਆਨੀ ਜੀ ਇਸ ਸਮੇ ਬਾਰੇ ਲਿਖਣ ਲੱਗਿਆਂ ਤਾਂ ਮੈਨੂੰ ਵੀ ਤੁਹਾਡੇ ਵਿਰੁੱਧ ਕਲਮ ਚੁਕੱਣੀ ਪਏਗੀ । ਜੀਵਨੀ ਤਾਂ ਹੀ ਨਿਰਪੱਖ ਲਿਖੀ ਜਾਏਗੀ ਤੇ ਨਿਧੜੱਕ ਹੋ ਕੇ ਲਿਖੀ ਜਾਏ । ਤੁਸੀਂ ਆਪਰੇਸ਼ਨ ਬਲਿਊ ਸਟਾਰ ਤੇ 1984 ਦੇ ਦੰਗਿਆਂ ਸਮੇਂ ਅਸਤੀਫਾ ਕਿਉਂ ਨਾ ਦਿੱਤਾ ? ਲੋਕ ਇਸ ਦਾ ਜਵਾਬ ਤੁਹਾਡੇ ਕੋਲੋਂ ਮੰਗਦੇ ਹਨ ।ਇਤਿਹਾਸ ਤੁਹਾਡੇ ਕੋਲੋਂ ਇਸ ਦਾ ਜਵਾਬ ਮੰਗੇਗਾ । ਸਿੱਖ ਤੁਹਾਡੇ ਕੋਲੋਂ ਸਖਤ ਨਾਰਾਜ਼ ਹਨ ।'

"ਮੈਨੂੰ ਸਭ ਪਤਾ ਹੈ । ਤੂੰ ਨਿਧੜਕ ਹੋ ਕੇ ਲਿਖ, ਕਿਸੇ ਦੀ ਪ੍ਰਵਾਹ ਨਾ ਕਰ । ਜੋ ਹੋਣਾ ਸੀ ਹੋ ਗਿਆ। ਮੇਰੇ ਇਖਤਿਆਰ ਕੁਝ ਨਹੀ ਸੀ । ਮੈਨੂੰ ਤਾਂ ਆਪਰੇਸ਼ਨ ਬਲਿਊ ਸਟਾਰ ਬਾਰੇ ਦੂਰਦਰਸ਼ਨ ਤੋਂ ਪਤਾ ਚੱਲਿਆ ।ਮੈਨੂੰ ਹਨ੍ਹੇਰੇ ਵਿਚ ਰੱਖਿਆ ਗਿਆ । ਰਾਸ਼ਟ੍ਰਪਤੀ ਫੌਜ ਦਾ ਮੁਖੀ ਸੰਵਿਧਾਨ ਦੇ ਪੰਨਿਆਂ ਵਿਚ ਹੀ ਦਿਖਾਈ ਦਿੰਦਾ ਹੈ ।ਸਭ ਅਧਿਕਾਰ ਪ੍ਰਧਾਨ ਮੰਤਰੀ ਕੋਲ ਹਨ ਤੇ 1984 ਦੇ ਦੰਗਿਆਂ ਸਮੇਂ ਜੇ ਮੈਂ ਅਸਤੀਫਾ ਦੇ ਦਿੰਦਾ ਤਾਂ ਦੰਗੇ ਹੋਰ ਭੜਕ ਸਕਦੇ ਸਨ।'

"ਪਰ ਤੁਹਾਡੀਆਂ ਦਲੀਲਾਂ ਦਾ ਲੋਕਾਂ ਖਾਸ ਕਰਕੇ ਸਿੱਖਾਂ ਤੇ ਕੋਈ ਅਸਰ ਨਹੀਂ ਹੋਏਗਾ । ਉਹ ਦੋਹਾਂ ਘਟਨਾਵਾਂ ਲਈ ਤੁਹਾਨੂੰ ਹੀ ਜਿੰਮੇਵਾਰ ਠਹਿਰਾਉਂਦੇ ਹਨ ।"

"ਜੋ ਬੀਤ ਗਿਆ ਸੋ ਬੀਤ ਗਿਆ । ਤੂੰ ਕੰਮ ਸ਼ੁਰੂ ਕਰ, ਮੇਰੇ ਖਿਲਾਫ ਵੀ ਲਿਖ, ਮੇਰੀਆਂ ਗਲਤੀਆਂ ਵੀ ਲੋਕਾਂ ਸਾਹਮਣੇ ਲਿਆ। ਆਖਰ ਇਕ ਦਿਨ ਇਤਿਹਾਸ ਤਾਂ ਲਿਖਿਆ ਹੀ ਜਾਣਾ ਹੈ ।"

ਗਿਆਨੀ ਜੀ ਨੇ ਘੜੀ ਵਲ ਵੇਖਿਆ, ਵਕਤ ਬਹੁਤ ਹੋ ਗਿਆ ਹੈ। ਮੇਰੇ ਖਾਣੇ ਦਾ ਵਕਤ ।ਇਨ੍ਹਾਂ ਡਾਕਟਰਾਂ ਨੇ ਮੇਰੇ ਖਾਣ ਪੀਣ ਦੇ ਵਕਤ ਵੀ ਮੁਕੱਰਰ ਕੀਤੇ ਹੋਏ ਨੇ । ਉਨ੍ਹਾਂ ਦੀ ਮਰਜ਼ੀ ।' ਕਹਿ ਕਿ ਗਿਆਨੀ ਜੀ ਆਪਣੇ ਸੌਣ ਵਾਲੇ ਕਮਰੇ ਵਿਚ ਚਲੇ ਗਏ'।

ਮੈਨੂੰ ਨਹੀਂ ਸੀ ਪਤਾ, ਇਹ ਮੇਰੀ ਗਿਆਨੀ ਜੀ ਨਾਲ ਆਖਰੀ ਮੁਲਾਕਾਤ ਹੋਵੇਗ । ਹੋਣੀ ਬਲਵਾਨ ਹੈ।


ਗਿਆਨੀ ਜ਼ੈਲ ਸਿਘ ਜੀ ਦਾ ਜੀਵਨ ਇਕ ਮਹਾਂ ਕਾਵਿ ਵਾਂਗ ਹੈ । ਇਹ ਇਕ ਉਸ ਪਹਾੜੀ ਨਦੀ ਵਾਂਗ ਹੈ ਜਿਹੜੀ ਬੜੀ ਤੇਜ਼ੀ ਨਾਲ ਵਹਿੰਦੀ ਹੈ । ਰਾਹ ਵਿਚ ਕਈ ਪੱਥਰ ਤੇ ਝਾੜੀਆਂ ਉਸ ਦਾ ਰਾਹ ਰੋਕਣ ਦਾ ਯਤਨ ਕਰਦੇ ਹਨ, ਪਰ ਇਹ ਉਨ੍ਹਾਂ ਦੀ ਹਿੱਕ ਨੂੰ ਚੀਰਦੀ ਵਹਿੰਦੀ ਜਾਂਦੀ ਹੈ ਤੇ ਅਖੀਰ ਸਮੁੰਦਰ ਵਿਚ ਵਿਲੀਨ ਹੋ ਜਾਂਦੀ ਹੈ । ਗਿਆਨੀ ਜੀ ਨੇ ਆਪਣੇ ਜੀਵਨ ਵਿਚ ਉਹ ਸਭ ਕੁਝ ਪ੍ਰਾਪਤ ਕਰ ਲਿਆ, ਜਿਹੜਾ ਇਕ ਮਨੁੱਖ ਲੋਚਦਾ ਹੈ ।ਉਹ ਦੁਨੀਆ ਦੇ ਸਭ ਤੋਂ ਵੱਡੇ ਲੋਕ ਰਾਜ ਦੇ ਰਾਸ਼ਟ੍ਰਪਤ। ਬਣੇ ।ਸੰਸਾਰਕ ਦ੍ਰਿਸ਼ਟੀਕੋਣ ਤੋਂ ਇਸ ਤੋਂ ਉੱਪਰ ਕੀ ਸੀ । ਭਾਵੇਂ ਮਨੁੱਖ ਸੰਪੂਰਨ ਨਹੀਂ ਬਣ ਸਕਦਾ ਪਰ ਗਿਆਨੀ ਜੀ ਨੇ ਆਕਾਸ਼ ਨੂੰ ਜ਼ਰੂਰ ਛੂਹਿਆ ।

Grams : AVTAR PHONE: Off.: 25838, Mill.: 20079, Resi: 25364 Fax: 01761-25171

AVTAR FOUNDRY & WORKSHOP

FABRICATORS & FOUNDERS

G.T. Road, MANDI GOBINDGARH -147301 (Punjab)



MANUFACTURERS OF :

SHEARING MACHINES, REUCTION GEARS, PINION STANDS, GEARS & COMPLETE ROLLING MILL PLANTS

ਮਿਕਨਾਤੀਸੀ ਸ਼ਖਸੀਅਤ ਗਿਆਨੀ ਜ਼ੈਲ ਸਿੰਘ ਜੀ ਨਾਲ ਕੁਝ ਸਾਂਝਾਂ

-ਰਛਪਾਲ ਸਿੰਘ ਪਾਲ (ਭੋਗਲ)


ਭਾਰਤ ਦੇ ਸਾਬਕਾ ਰਾਸ਼ਟ੍ਰਪਤੀ, ਹਿੰਦੋਸਤਾਨ ਦੇ ਮਹਾਨ ਸਪੂਤ, ਤੇ ਕਰੋੜਾਂ ਹਿੰਦੁਸਤਾਨੀਆਂ ਦੇ ਦਿਲਾਂ ਦੀ ਧੜਕਣ ਗਿਆਨੀ ਜ਼ੈਲ ਸਿੰਘ ਜੀ ਅਜ ਸਾਡੇ ਵਿਚਕਾਰ ਨਹੀਂ ਰਹੇ । ਮੈਂ ਤੇ ਡਾ. ਲੇਖਰਾਜ (ਮੌਜੂਦਾ ਚੇਅਰਮੇਨ ਇੰਪਰੂਵਮੈਂਟ ਟਰਸੱਟ ਜਲੰਧਰ) ਉਨ੍ਹਾਂ ਦੀ ਸਿਹਤ ਦਾ ਪਤਾ ਕਰਨ ਪੀ.ਜੀ. ਆਈ. ਚੰਡੀਗੜ੍ਹ ਵੀ ਗਏ, ਜਿਥੇ ਉਹ ਐਕਸੀਡੈਂਟ ਨਾਲ ਜ਼ਖਮੀ ਹੋਕੇ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜ ਰਹੇ ਸਨ ।

ਦੂਰਦਰਸ਼ਨ ਤੇ ਉਨ੍ਹਾਂ ਦੀ ਅੰਤਮ ਯਾਤਰਾ ਅੱਖੀਂ ਵੇਖ ਕੇ ਵੀ ਹਾਲੇ ਮਨ ਮੰਨਣ ਵਿਚ ਨਹੀਂ ਆਉਂਦਾ ਕਿ ਉਹ ਮਹਾਨ ਇਨਸਾਨ ਤੇ ਮਿਕਨਾਤੀਸੀ ਸ਼ਖਸੀਅਤ ਸਾਡੇ ਵਿਚੋਂ ਸਦਾ ਲਈ ਚਲੇ ਗਈ ਹੈ । ਗਿਆਨੀ ਜ਼ੈਲ ਸਿੰਘ ਜੀ ਨਾਲ ਜ ਕੋਈਂ ਕੁਝ ਵੀ ਪਲਾਂ ਲਈ ਮਿਲਿਆ, ਉਹ ਸਾਰੀ ਜ਼ਿੰਦਗੀ ਲਈ ਉਨ੍ਹਾਂ ਦਾ ਹੀ ਹੋ ਕੇ ਰਹਿ ਗਿਆ । ਅਜਿਹਾ ਮੈਂ ਆਪਣੇ ਤਜਰਬੇ ਦੀ ਬਿਨਾ ਤੇ ਬੇਝਿਜਕ ਹੋ ਕੇ ਕਹਿ ਸਕਦਾ ਹਾਂ ।

ਮੇਰਾ ਉਨ੍ਹਾਂ ਨਾਲ ਸੰਪਰਕ 1973 ਵਿਚ ਹੋਇਆ, ਜਦੋਂ ਉਹ ਪੰਜਾਬ ਦੇ ਮੁੱਖ ਮੰਤਰੀ ਸਨ । ਉਹ ਮੈਨੂੰ ਆਪਣੇ ਨਾਲ ਸ੍ਰੀ ਆਨੰਦਪੁਰ ਸਾਹਿਬ ਲੈ ਕੇ ਗਏ ਜਿਥੇਂ ਗੁਰੂ ਗੋਬਿੰਦ ਸਿੰਘ ਮਾਰਗ ਦਾ ਉਦਘਾਟਨ ਹੋਣਾ ਸੀ । ਉਨ੍ਹਾਂ ਨੇ ਆਪ ਉਦਘਾਟਨ ਕਰਨ ਦੀ ਬਜਾਏ ਅਕ ਮਜ਼ਦੂਰ ਤੋਂ ਉਦਘਾਟਨ ਕਰਵਾਇਆ । ਉਨ੍ਹਾਂ ਨੇ ਆਪਣੇ ਭਾਸ਼ਨ ਵਿਚ ਕਿਹਾ ਕਿ 'ਜੇ ਮੇਰਾ ਵਸ ਚਲਦਾ ਤੇ ਸਰਕਾਰ ਕੋਲ ਏਨੇ ਪੈਸੇ ਹੁੰਦੇ ਤਾਂ ਮੈਂ ਇਸ ਮਾਰਗ ਤੇ ਹੀਰੇ ਜਵਾਹਰਾਤ ਜੜਾ ਦਿੰਦਾ, ਜਿਥੋਂ ਮੇਰਾ ਦਸਮ ਪਾਤਸ਼ਾਹ ਲੰਘ ਕੇ ਗਿਆ ਹੈ ਤੇ ਇਥੇ ਸਿਰਫ ਲੁੱਕ ਅਤੇ ਬਜਰੀ ਨਾਂ ਪੌਣ



ਮਹਾਨ ਯਾਤਰਾ ਦੀ ਸਮਾਪਤੀ ਮਗਰੋਂ ਗਿਆਨੀ ਜ਼ੈਲ ਸਿੰਘ ਜੀ ਨੂੰ ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਸਿਰੋਪਾ ਭੇਂਟ ਕਰਦੇ ਹੋਏ



ਦਿੰਦਾ ।' ਮੈਂ ਸਟੇਜ ਤੇ ਮੌਜੂਦ ਸੀ ਤੇ ਪੰਡਾਲ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਨਾਲ ਗੂੰਜ ਉਠਿੱਆ ।ਉਸ ਸਮੇਂ ਸਟੇਜ ਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੀ ਮੌਜੂਦ ਸਨ । ਕਿਉਂਕਿ ਗਿਆਨੀ ਜੀ ਸਦਾ ਕਿਹਾ ਕਰਦੇ ਸਨ ਕਿ ਸਿਆਸੀ ਵਿਰੋਧਤਾ ਨੂੰ ਕਦੇ ਵੀ ਨਿਜੀ ਵਿਰੋਧਤਾ ਵਿਚ ਨਹੀਂ ਬਦਲਣਾ ਚਾਹੀਦਾ ।

ਉਹ ਆਪਣੇ ਸਾਥੀਆਂ ਤੇ ਵਰਕਰਾਂ ਨੂੰ ਕਦੇ ਨਹੀਂ ਸੀ ਭੁੱਲਦੇ, ਉਸਦਾ ਨਾਮ ਲੈ ਕੇ ਸੈਕੜਿਆਂ ਵਿਚੋਂ ਵੀ ਬੁਲਾ ਲੈਂਦੇ ਸਨ । ਯਾਦਦਾਸ਼ਤ ਉਨ੍ਹਾਂ ਦੀ ਬਹੁਤ ਸੀ ।ਉਹ ਕਹਿੰਦੇ ਸਨ ਕਿ ਜਿਸ ਕਿਸੇ ਨੇ ਵੀ ਮੈਨੂੰ ਪਾਣੀ ਦਾ ਗਿਲਾਸ ਪਿਆਇਆ ਹੈ, ਜਿੰਨਾਂ ਚਿਰ ਮੈਂ ਉਸ ਨੂੰ ਦੁੱਧ ਦਾ ਗਿਲਾਸ ਨਹੀਂ ਪਿਲਾ ਲੈਂਦਾ ਮੇਰੇ ਮਨ ਨੂੰ ਸ਼ਾਂਤੀ ਨਹੀਂ ਆਉਂਦੀ ।

ਹਾਜ਼ਰ ਜੁਆਬ ਵੀ ਗਿਆਨੀ ਜੀ ਬਹੁਤ ਸਨ ਤੇ ਇਮਤਿਹਾਨ ਦੀ ਘੜੀ ਵਿਚ ਕਦੇ ਦਿਲ ਵੀ ਨਹੀਂ ਸੀ ਹਾਰਦੇ । ਹਾਜ਼ਰ ਜੁਆਬੀ ਦੀ ਮਿਸਾਲ ਕਿ ਕਿਸੇ ਨੇ ਉਨ੍ਹਾਂ ਨੂੰ ਸ਼ਿਕਾਇਤੀ ਲਹਿਜੇ ਵਿਚ ਕਿਹਾ ਕਿ ਫਲਾਣਾ ਆਦਮੀ ਤੁਹਾਡਾ ਨਾਮ ਬਹੁਤ ਵਰਤਦਾ ਹੈ । ਗਿਆਨੀ ਜੀ ਸ਼ਕਾਇਤ ਕਰਤਾ ਨੂੰ ਪੁੱਛਣ ਲੱਗੇ ਤੂੰ ਹੀ ਦਸ ਕਿ ਜਿਸ ਬੰਦੇ ਦੀ ਤੂੰ ਗਲ ਕੀਤੀ ਹੈ ਉਹ ਬੰਦਾ ਹੈ ਕਿਸਦਾ ? ਉਸ ਨੇ ਕਿਹਾ ਕਿ ਬੰਦਾ ਤਾਂ ਤੁਹਾਡਾ ਹੀ ਹੈ। ਗਿਆਨੀ ਜੀ ਹੱਸ ਕੇ ਕਹਿਣ ਲੱਗੇ ਕਿ 'ਜੇ ਬੰਦਾ ਮੇਰਾ ਹੈ ਤਾਂ ਫਿਰ ਨਾਮ ਉਹ ਮੇਰਾ ਨਾਂ ਵਰਤੇ ਤਾਂ ਕਿਸਦਾ ਵਰਤੇ ? ਤੂੰ ਹੀ ਦਸ । ਉਹ ਬੰਦਾ ਖਾਮੋਸ਼ ਹੋ ਗਿਆ ।

ਮਿਉਂਸਪਲ ਕਮੇਟੀ ਜਲੰਧਰ ਦੇ ਪ੍ਰਧਾਨ ਸ੍. ਅਜੀਤ ਸਿੰਘ ਝਿੱਕਾ ਸਨ ।ਉਨ੍ਹਾਂ ਨੇ ਮੇਰੇ ਸਨਮਾਨ ਵਿਚ ਮਿਉਂਸਪਲ ਕਮੇਟੀ ਵਲੋਂ ਇਕ ਸਮਾਰੋਹ 1974 ਵਿਚ ਕੀਤਾ ।ਗਿਆਨੀ ਜੀ ਮੁੱਖ ਮੰਤਰੀ ਸਨ ਤੇ ਸਮਾਗਮ ਦੇ ਮੁਖ ਮਹਿਮਾਨ ਵੀ ।ਪ੍ਰਬੰਧਕਾਂ ਨੇ ਗਿਆਨੀ ਜੀ ਹੱਥੋਂ ਸਨਮਾਨ ਵਿਚ ਇਕ 'ਘੋੜੇ ਦਾ ਚਿੰਨ੍ਹ Excelsior ਤੇ ਦੁਸ਼ਾਲਾ ਭੇਂਟ ਕੀਤਾ ।ਗਿਆਨੀ ਜੀ ਨੇ ਆਪਣੇ ਭਾਸ਼ਨ ਵਿਚ ਕਿਹਾ ਕਿ ਪਾਲ ਨੂੰ ਘੋੜਾ ਤਾਂ ਦੇ ਦਿੱਤਾ ਹੈ, ਪਰ ਇਸ ਘੋੜੇ ਨੂੰ ਪੱਠੇ ਕੌਣ ਪਾਵੇਗਾ ਇਸ ਦਾ ਪ੍ਰਬੰਧ ਵੀ ਕਰੋ।

ਉਹ ਮਜ਼ਾਕ ਦੇ ਵੀ ਧਨੀ ਸਨ ਹਰ ਵੇਲੇ ਖੁਸ਼ ਰਹਿਣਾ ਉਨ੍ਹਾਂ ਦਾ ਸੁਭਾਅ ਸੀ । ਮਹਿਫਲਾਂ ਦਾ ਸ਼ਿੰਗਾਰ ਸਨ । ਵਕਤਾ ਬਹੁਤ ਅੱਛੇ ਸਨ । ਹਜ਼ਾਰਾਂ ਲੱਖਾਂ ਦੀ ਤਾਦਾਦ ਹੋਵੇ ਤੇ ਗਿਆਨੀ ਜੀ ਭਾਸ਼ਨ ਕਰਦੇ ਹੋਣ ਤਾਂ ਕੋਈ ਉੱਠਣ ਦਾ ਸੋਚ ਹੀ ਨਹੀ ਸੀ ਸਕਦਾ ਤੇ ਸਰੋਤਿਆਂ ਨੂੰ ਵਕਤ ਦਾ ਵੀ ਖਿਆਲ ਨਹੀਂ ਸੀ ਰਹਿੰਦਾ ।

ਇਕ ਵਾਰੀ ਉਹ ਮੈਨੂੰ ਆਪਣੇ ਨਾਲ ਕਿਸੇ ਦੇ ਘਰ ਰੋਟੀ ਖਾਣ ਲਈ ਲੈ ਗਏ । ਮੈਂ ਆਦਤਨ ਚੌਲ ਨਹੀਂ ਖਾਂਦਾ ।ਮੈਂ ਰੋਟੀ ਖਾਣੀ ਸ਼ੁਰੂ ਕਰ ਦਿਤੀ ।ਗਿਆਨੀ ਜੀ ਨੇ ਦੇਖ ਲਿਆ ਤੇ ਪੁੱਛਣ ਲਗੇ ਕਿ ਪਾਲ ਤੂੰ ਚੌਲ ਨਹੀਂ ਲਏ ।ਮੈਂ ਕਿਹਾ ਜੀ ਮੈਂ ਖਾਂਦਾ ਨਹੀਂ। ਹੱਸ ਕੇ ਕਹਿਣ ਲੱਗੇ ਚੌਲ ਜ਼ਰੂਰ ਖਾਣੇ ਚਾਹੀਦੇ ਹਨ। ਜੇ ਚੌਲ ਖਾਉ ਤਾਂ ਨਾਂ ਕੁੱਤਾ ਵੱਢਦਾ ਹੈ ਤੇ ਨਾਂ ਹੀ ਘਰ ਚੋਰੀ ਹੁੰਦੀ ਹੈ'' । ਪੁੱਛਣ ਤੇ ਦਸਿਆ ਕਿ ਜੋ ਚੋਲ ਖਾਏਗਾ, ਉਸ ਨੂੰ ਵਾਏ ਹੋਏਗੀ ਤੇ ਜੋੜਾਂ ਵਿਚ ਦਰਦ ਹੋਣ ਨਾਲ ਤੁਰਨ ਲੱਗਿਆਂ ਹੱਥ ਵਿਚ ਸੋਟੀ ਫੜੇਗਾ ਤੇ ਕੁੱਤਾ ਲਾਗੇ ਨਹੀਂ ਆਵੇਗਾ ।ਦੂਸਰਾ ਉਹ ਸਾਰੀ ਰਾਤ ਹਾਇ ਹਾਇ ਕਰੇਗਾ ਤੇ ਲਾਈਟ ਜਗਦੀ ਰਖੇਗਾ ਤੇ ਚੋਰ ਵੀ ਆਉਣ ਦਾ ਹੀਆ ਨਹੀਂ ਕਰੇਗਾ ।

ਗਿਆਨੀ ਜੀ ਆਪਣੇ ਸਾਥੀ ਤੇ ਵਰਕਰਾਂ ਦਾ ਏਨਾਂ ਖਿਆਲ ਕਰਦੇ ਸਨ ਕਿ ਮੇਰੇ ਪਿਤਾ ਜੀ ਕੁਝ ਸਮੇਂ ਤੋਂ ਬੀਮਾਰ ਚਲੇ ਆ ਰਹੇ ਸਨ ।ਮੇਰੇ ਪਿਤਾ ਜੀ ਨੂੰ ਕਹਿਣ ਲੱਗੇ ਕਿ ਸ੍. ਪਿਆਰਾ ਸਿੰਘ ਜੀ ਤੁਹਾਨੂੰ ਮੈਂ ਚੰਡੀਗੜ ਲੈ ਕੇ ਚੱਲਦਾ ਹਾਂ ਤੇ ਉਥੇ ਹੀ ਸਾਰਾ ਚੈਕਅਪ ਕਰਾਉਂਦਾ ਹਾਂ । ਪਰ ਮੇਰੇ ਪਿਤਾ ਜੀ ਠੀਕ ਨਾਂ ਹੋਏ ਤੇ ਉਹ ਅਕਾਲ ਚਲਾਣਾ ਕਰ ਗਏ ।ਗਿਆਨੀ ਜੀ ਸਾਰੇ ਰੁਝੇਂਵੇਂ ਛੱਡ ਕੇ ਸਾਡੇ ਘਰ ਜਲੰਧਰ ਆਏ ਤੇ ਕਿੰਨਾ ਚਿਰ ਪਿਤਾ ਜੀ ਦੀਆਂ ਗਲਾਂ ਕਰਦੇ ਰਹੇ ।

ਜਦੋਂ ਵੀ ਕੋਈ ਸਾਥੀ ਮਿਲਦਾ ਸੀ ਉਸ ਨੂੰ ਸਭ ਤੋਂ ਪਹਿਲਾਂ ਇਹ ਪੁੱਛਦੇ ਸਨ ਕਿ ਤੇਰੀ ਮਾਲੀ ਹਾਲਤ ਕੀ ਹੈ ? ਘਰ ਦਾ ਗੁਜ਼ਾਰਾ ਕਿਸ ਤਰ੍ਹਾਂ ਚਲ ਰਿਹਾ ਹੈ ।ਜੇ ਜੁਆਬ ਕੁਝ ਢਿਲਾ ਹੁੰਦਾ ਤਾਂ ਉਹ ਯੋਗ ਤੇ ਯਥਾ ਸ਼ਕਤ ਪ੍ਰਬੰਧ ਵੀ ਕਰ ਦਿੰਦੇ ਸਨ।

ਗਿਆਨੀ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਦੂਰਦਰਸ਼ਨ ਕੇਂਦਰ ਜਲੰਧਰ ਨੇ ਉਨ੍ਹਾਂ ਦੀ ਯਾਦ ਨੂੰ ਸਮਰਪਤ ਇਕ ਕਵੀ ਦਰਬਾਰ ਕਰਾਇਆ । ਮੈਂ ਹੀ ਉਸ ਕਵੀ ਦਰਬਾਰ ਦਾ ਸਟੇਜ ਸੰਚਾਲਕ ਸਾਂ ਉਸ ਵਿਚ ਮੈਂ ਜੋ ਕਵਿਤਾ ਪੜ੍ਹੀ ਉਸ ਦੇ ਦੋ ਸ਼ਿਅਰਾਂ ਨਾਲ ਗਿਆਨੀ ਜੀ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ ।

ਸਿਤਾਰਾ ਤੇਰਾ ਇੰਝ ਚੜ੍ਹਿਆ,
ਕਿਸੇ ਦਾ ਚੜ੍ਹ ਨਹੀਂ ਸਕਦਾ ।
ਤੂੰ ਦੁਖੀਏ ਨਾਲ ਇੰਝ ਖੜ੍ਹਿਆ,
ਜਿਵੇਂ ਕੋਈ ਖੜ੍ਹ ਨਹੀਂ ਸਕਦਾ ।
ਸਤਾਈ ਦਿਨਾਂ ਦੀ ਜੱਦੋ ਜਹਿਦ ਨੇ
ਦੁਨੀਆ ਹਿਲਾ ਦਿੱਤੀ,
ਜਿਵੇਂ ਤੂੰ ਮੌਤ ਥੀਂ ਲੜਿਆ,
ਕੋਈ ਵੀ ਲੜ ਨਹੀਂ ਸਕਦਾ ।

ਤੂੰ ਐਸੇ ਮੋਅਜਜ਼ੇ ਕੀਤੇ,
ਸਦਾ ਤੂੰ ਯਾਦ ਰਹੇਂਗਾ ।
ਤੂੰ ਹਰ ਦਿਲ ਸ਼ਾਦ ਕੀਤਾ ਹੈ,
ਤੂੰ ਨਿਤ ਆਬਾਦ ਹੀ ਰਹੇਂਗਾ ।
ਬਜ਼ੁਰਗਾਂ ਦੀ ਅਸੀਸ ਇਹੋ,
ਤੇ ਸ਼ਹੀਦਾਂ ਦੀ ਇਹ ਰੂਹ ਆਖੇ ।
ਤੂੰ ਜ਼ਿੰਦਾਬਾਦ ਹੀ ਰਹਿਉਂ,
ਤੇ ਜ਼ਿੰਦਾਬਾਦ ਹੀ ਰਹੇਂਗਾ ।

ਗਿਆਨੀ ਜ਼ੈਲ ਸਿੰਘ :

ਇਕ ਅਦੁੱਤੀ ਸ਼ਖਸੀਅਤ

-ਡਾ. ਗੁਰਚਰਨ ਸਿੰਘ-
ਐਮ.ਏ.ਪੀ.ਐਚ.ਡੀ.

ਗਿਆਨੀ ਜ਼ੈਲ ਸਿੰਘ ਨੇ ਆਜ਼ਾਦੀ ਮਿਲਣ ਤੋਂ ਪਹਿਲਾਂ, ਕਈ ਸਾਲ ਪਰਜਾ-ਮੰਡਲ ਦੇ ਲੀਡਰ ਵਜੋਂ ਰਜਵਾੜਾਸ਼ਾਹੀ ਨਾਲ ਟੱਕਰ ਲਈ। ਉਹ ਜ਼ਮਾਨੇ ਬੜੇ ਅਜੀਬ ਸਨ। ਰਿਆਸਤ ਫਰੀਦਕੋਟ ਵਿਚ ਕਾਂਗ੍ਰਸੀ ਤ੍ਰੰਗਾ ਲਹਿਰਾਉਣ ਦੀ ਮਨਾਹੀ ਸੀ। ਜਿਹੜਾ ਜੁਰੱਤ ਕਰੇ ਉਹ ਰਾਜੇ ਦਾ ਬਾਗੀ ਤੇ ਕਰੜੀ ਜੇਲ੍ਹ ਦਾ ਭਾਗੀ। ਹੋਰ ਸਖ਼ਤੀਆਂ ਵੱਖਰੀਆਂ। ਉਨ੍ਹਾਂ ਦਿਨਾਂ ਵਿਚ ਮੈਂ ਰੋਜ਼ਾਨਾ 'ਰਣਜੀਤ' ਲਾਹੌਰ ਦਾ ਸੰਪਾਦਕ ਸਾਂ। ਇਹ ਅਖ਼ਬਾਰ ਸ. ਸਰਦੂਲ ਸਿੰਘ ਕਵੀਸ਼ਰ, ਜੋ ਉਨ੍ਹਾਂ ਦਿਨਾਂ ਵਿਚ ਆਲ ਇੰਡੀਆ ਫਾਰਵਰਡ ਬਲਾਕ ਦੇ ਪ੍ਰਧਾਨ ਸਨ ਅਤੇ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਜਾਨਸ਼ੀਨ ਕਹਾਉਂਦੇ ਸਨ, ਦੀ ਮਲਕੀਅਤ ਵਿਚ ਸੀ। ਸਾਡੇ ਕੋਲ ਰਿਆਸਤ ਫਰੀਦਕੋਟ ਦੇ ਰਾਜੇ ਵੱਲੋਂ ਹਰ ਪ੍ਰਕਾਰ ਦੇ ਲਾਲਚ ਪੂਰਾ ਕਰਨ ਦੇ ਇਵਜ਼ ਸਹਾਇਤਾ ਲਈ ਸੁਨੇਹੇ ਲੈ ਕੇ ਸ. ਮਾਨ ਸਿੰਘ ਵਗੈਰਾ ਕਈ ਵਾਰ ਆਏ. ਪਰ ਅਸੀਂ ਤਾਂ ਖੁਦ ਪਰਜਾਮੰਡਲ ਪੱਖੀ ਸੀ ਤੇ ਇੰਕਲਾਬੀ ਵੀ। ਸੁਨੇਹੇ ਟਾਲ ਦਿੱਤੇ ਗਏ ਅਤੇ ਰਣਜੀਤ ਅਖਬਾਰ ਨੇ ਗਿਆਨੀ ਜੀ ਤੇ ਉਨ੍ਹਾਂ ਵੱਲੋਂ ਚਲਾਈ ਜਾ ਰਹੀ ਤਹਿਰੀਕ ਦੀ ਰੱਜ ਕੇ ਇਮਦਾਦ ਕੀਤੀ।

ਆਜ਼ਾਦੀ ਦੇ 15 ਅਗਸਤ, 1947 ਦੇ ਨਾਲ ਹੀ ਪੰਜਾਬ ਦੋਫਾੜ ਹੋ ਗਿਆ। ਮੈਂ ਜ਼ਿਲਾ ਮੁੜ ਵਸਾਊ ਅਫਸਰ ਬਣ ਕੇ ਫੀਰੋਜ਼ਪੁਰ ਆ ਲੱਗਾ। 1948 ਦੀ ਗੱਲ ਹੈ। ਇਹਨਾਂ ਦਿਨਾਂ ਵਿਚ ਫੀਰੋਜ਼ਪੁਰ ਦੇ ਸ਼ਹਿਰ ਵਿਚ ਫਰੀਦਕੋਟ ਆਜ਼ਾਦੀ ਸੰਘਰਸ਼ ਵਿਚ ਜੂਝ ਰਹੇ ਪਰਜਾ ਮੰਡਲੀਆਂ ਦਾ ਬੜਾ ਜੋਸ਼ ਭਰਿਆ ਜਲੂਸ ਨਿਕਲਿਆ। ਮੈਨੂੰ ਪਤਾ ਨਹੀਂ ਲਗ ਸਕਿਆ ਕਿ ਉਸ ਜਲੂਸ ਦਾ ਨੇਤਾ ਕੌਣ ਸੀ, ਗਿਆਨੀ ਜੀ ਤਾਂ ਸ਼ਾਇਦ ਜੇਲ੍ਹ-ਬੰਦ ਸਨ। ਜਲੂਸ ਵਿਚ ਜ਼ਿਆਦਾ ਤਰ ਸਿੱਖ ਕਿਸਾਨ ਸ਼ਾਮਿਲ ਸਨ ਤੇ ਖੂਬ ਕੜਾਕੇਦਾਰ ਤਕਰੀਰਾਂ ਹੋ ਰਹੀਆਂ ਸਨ। ਮੈਂ ਇਹ ਜਲੂਸ ਸਾਰੇ ਦਾ ਸਾਰਾ ਸੜਕ ਦੇ ਕੰਢੇ ਖਲੋ ਕੇ ਦੇਖਿਆ। ਦੱਸਿਆ ਗਿਆ ਕਿ ਲਾਗੇ ਕਿਧਰੇ ਕੈਂਪ ਲਗਾ ਹੋਇਆ ਸੀ। ਫਰੀਦਕੋਟ ਰਿਆਸਤ ਦੀਆਂ ਹੱਦਾਂ ਤੇ ਰਜੇ ਦੀ ਪਕੜ ਧਕੜ ਤੇ ਮਾਰਕੁਟ ਤੋਂ ਬਾਹਰ ਇਹ ਲੋਕ ਮੋਰਚੇ ਦੀ ਤਿਆਰੀ ਕਰ ਰਹੇ ਸਨ। ਲੋਕਾਂ ਦਾ ਗਿਆਨੀ ਜੀ ਦੀ ਅਗਵਾਈ ਹੇਠ ਸਕੱਤਰੇਤ ਦਾ ਘੇਰਾ ਪਾਉਣਾ, ਮੁਤਵਾਜ਼ੀ ਸਰਕਾਰ ਦਾ ਐਲਾਨ, ਹਕੂਮਤ ਉੱਤੇ ਥੋਹੜੇ ਚਿਰ ਲਈ ਲੋਕ-ਸਰਕਾਰ ਦਾ ਕਬਜ਼ਾ, ਰਾਜ-ਪਲਟਾ, ਰਾਜੇ ਦਾ ਜੁਆਬੀ ਹਥਿਆਰਬੰਦ ਹਮਲਾ, ਵਾਲੰਟੀਅਰਾਂ ਦੀ ਮਾਰ ਕੁਟਾਈ ਆਦਿ ਦੀ ਕਹਾਣੀ ਹਾਲੇ ਤਾਜ਼ਾ ਸੀ ਤੇ ਆਮ ਜ਼ਬਾਨ ਉੱਤੇ ਚਰਚਾ ਬੜੀ ਗਰਮ ਸੀ।

ਜੁਗ ਪਲਟਾਊ ਲੋਕ-ਤਾਕਤਾਂ ਦੇ ਹੀਰੋ ਗਿਆਨੀ ਜ਼ੈਲ ਸਿੰਘ ਲਈ ਮੇਰੇ ਦਿਲ ਵਿਚਲੀ ਪੁੰਗਰ ਰਹੀ ਸ਼ਰਧਾ ਹੋਰ ਪਰਪੱਕ ਹੋ ਗਈ।


1949 ਦੇ ਅੰਤਲੇ ਮਹੀਨੇ ਸਨ। ਮੈਂ ਪੰਜਾਬ ਦਾ ਮੁੜ ਵਸਾਊ ਵਿਭਾਗ ਛੱਡ ਕੇ ਪਟਿਆਲੇ ਪੈਪਸੂ ਸਰਵਿਸ ਵਿਚ ਆ ਗਿਆ। ਹੁਣ ਮੇਰਾ ਮਹਿਕਮਾ ਸੀ ਲੋਕ ਸੰਪਰਕ ਦਾ। ਰਜਵਾੜਾਸ਼ਾਹੀ ਧੌਲਰ ਜਨਤਾ ਦੇ ਚੜ੍ਹਦੇ ਰੋਹਾਂ ਦੇ ਹੜ੍ਹਾਂ ਦੇ ਰੌਲਿਆਂ ਨਾਲ ਢੇ ਢੇਰੀ ਹੋ ਚੁੱਕੇ ਸਨ, ਪੰਜਾਬ ਦੀਆਂ ਰਿਆਸਤਾਂ ਟੁੱਟ ਚੁੱਕੀਆਂ ਸਨ ਤੇ ਰਾਜਿਆਂ ਦੀਆਂ ਤਾਜ ਕਲਗੀਆਂ ਹੁਣ ਆਮ ਲੋਕਾਂ ਦੀਆਂ ਦਸਤਾਰਾਂ

ਸਜਾ ਰਹੀਆਂ ਸਨ ।ਅੱਠ ਰਿਆਸਤਾਂ ਨੂੰ ਜੋੜ ਕੇ ਇਕ ਨਵੀਂ ਲੋਕ ਰਾਜੀ ਰਿਆਸਤ ਪੈਪਸੂ ਹੋਂਦ ਵਿਚ ਆ ਚੁੱਕੀ ਸੀ, ਜਿਸ ਨੂੰ ਨਵੀਂ ਕੇਂਦਰ ਵਲੋਂ ਨਾਮਜ਼ੱਦ ਅਬੂਰੀ ਹਕੂਮਤ ਚਲਾ ਰਹੀ ਸੀ । ਉਸ ਵਿਚ ਗਿਆਨੀ ਜ਼ੈਲ ਸਿੰਘ ਮਾਲ-ਮੰਤਰੀ ਸਨ । ਕਰਨਾ ਰਬ ਦਾ ਐਸਾ ਹੋਇਆ ਕਿ ਇਕ ਦਿਨ ਮੇਰੀ ਡਿਊਟੀ ਉਹਨਾਂ ਦਾ ਪਹਾੜਾਂ ਦਾ ਟੂਰ ਕਵਰ ਕਰਨ ਤੇ ਲਗ ਗਈ ।ਪਾਰਟੀ ਪਟਿਆਲੇ ਤੋਂ ਚੱਲੀ, ਅੱਗੇ ਵਜ਼ੀਰ ਸਾਹਿਬ ਤੇ ਕੌਮੀ ਝੰਡੇ ਵਾਲੀ ਕਾਰ ਤੇ ਪਿੱਛੇ ਲਗਾਤਾਰ ਪੀ.ਏ.ਟਾਈਪਿਸਟ ਆਦਿ ਤੇ ਮੈਂ, ਅਰਥਾਤ ਪਬਲਿਸਿਟੀ ਅਫਸਰ । ਸੋਲਨ ਤੋਂ ਕੰਡਾ-ਘਾਟ, ਕੰਡਾਘਾਟ ਤੋਂ ਪਾਰਟੀ ਚਾਇਲ ਵਲ ਨੂੰ ਤੁਰੀ ਤਾਂ ਰਾਹ ਵਿਚ ਇਕ ਬੜਾ ਹੀ ਰਮਣੀਕ ਟਿਕਾਣਾ ਆਇਆ । ਇਸ ਦਾ ਨਾਂ ਮੈਨੂੰ ਭੁੱਲ ਗਿਆ ਹੈ । ਇਥੇ ਇਕ ਨਦੀ ਦੀ ਘਾਟੀ ਜਹੀ ਵਿਚ ਮਹਾਰਾਜੇ ਦੇ ਅਰਾਮਘਰ ਵਿਚ ਸ਼ਰਾਬ-ਘਰ ਬਣਿਆਂ ਹੋਇਆ ਸੀ (ਇਸ ਵੇਲੇ ਘਰ ਹੀ ਘਰ ਸੀ, ਵਿਚ ਕੁੱਝ ਵੀ ਨਹੀਂ ਸੀ) ।ਆਲੇ ਦੁਆਲੇ ਵਧੀਆ ਕਿਸਮ ਦੇ ਕੱਟੇ ਹੋਏ ਘਾਹ ਦੇ ਵਿਸ਼ਾਲ ਪਲਾਟ ਸਨ । ਗਿਆਨੀ ਜੀ ਸਾਡੇ ਸਿਰਮੌਰ ਸਨ ਹੀ । ਏਥੋਂ ਦੇ ਕਰਮਚਾਰੀ ਏਥੋਂ ਦੀਆਂ ਗੁੱਝੀਆਂ ਕਲਾਂ ਵਿਊਤਾਂ ਦੇ ਜਾਣੂ ਸਨ ਤੇ ਸਾਡਿਆਂ ਵਿਚੋਂ ਕੋਈ ਨਹੀਂ ਸੀ ।ਗਿਆਨੀ ਜੀ ਸੈਰ ਕਰ ਰਹੇ ਸਨ ਕਿ ਅਚਾਨਕ ਜ਼ਮੀਨ ਵਿਚੋਂ ਕੋਈ ਫਵਾਰਾ ਅਜੇਹਾ ਛੁਟਿਆ, ਜਿਸ ਨੇ ਗਿਆਨੀ ਜੀ ਨੂੰ ਆਪਣੀ ਵਰ੍ਹਾਂਦ ਦਾ ਉਚੇਚਾ ਨਿਸ਼ਾਨਾ ਬਣਾਇਆ । ਉਹ ਭਿੱਜਣ ਦੇ ਡਰ ਤੋ ਦੂਜੇ ਪਾਸੇ ਨੂੰ ਨੱਸ ਤਾਂ ਅੱਗੋਂ ਅਚਾਨਕ ਛੁੱਟੇ ਇਕ ਹੋਰ ਫੱਵਾਰੇ ਨੇ ਦਬੋਚ ਲਿਆ, ਸੱਜੇ ਪਾਸੇ ਨੂੰ ਤੇਜ਼ੀ ਨਾਲ ਮੁੜ ਕੇ ਜਾਂ ਗਿਆਨੀ ਜੀ ਰਾਹੇ ਫਰਾਰ ਅਖਤਿਆਰ ਕਰਨ ਲੱਗੇ ਹੀ ਸਨ ਕਿ ਉਸ ਪਾਸਿਓਂ ਵੀ ਦਾਣਚੱਕੀ ਮੀਂਹ ਦਾ ਛਰਾਟਾ ਪੈਣ ਲਗ ਪਿਆ ਤੇ ਹੁਣ ਸਾਡੇ ਸਾਰਿਆਂ ਦੇ ਹੱਥਿਆਰ ਡਿੱਗ ਪਏ । ਗਿਆਨੀ ਜੀ ਵੀ ਚੰਗੇ ਤਰਾਰੇਜ਼ ਹੋ ਗਏ ।ਸਭਿਆਰ ਨੂੰ ਮੌਸਮ ਗਰਮੀਆਂ ਦਾ ਸੀ, ਫਿਰ ਵੀ ਕੁਝ ਚਿਰ ਪਿੱਛੋਂ ਸਾਡੇ ਸਭਨਾਂ ਦੇ ਦੰਦ ਵਜ ਰਹੇ ਸਨ । ਏਥੇ ਹੋਰ ਵੀ ਕਈ ਏਦਾਂ ਦੀਆਂ ਖੇਡਾਂ ਸਨ ਜੋ ਮਹਾਰਾਜਿਆਂ ਦੇ ਚੁਹਲ ਲਈ ਬਣਾਈਆਂ ਹੋਈਆਂ ਸਨ ।

ਚਾਇਲ ਪਹੁੰਚ ਉੱਥੋਂ ਕੁਫਰੀ ਤੇ ਕੁਫਰੀ ਤੋਂ ਸ਼ਿਮਲਾ । ਮੈਂ ਪਹਿਲੀ ਵਾਰ ਗਿਆਨੀ ਜੀ ਨੂੰ ਮਿਲਿਆ ਸਾਂ । ਰਾਹ ਵਿਚ ਸਮੇਂ ਸਮੇਂ ਪਿਛਲੀਆਂ ਗੱਲਾਂ ਹੁੰਦੀਆਂ ਰਹੀਆਂ ।ਅਜ਼ਾਦੀ ਦੇ ਘੋਲਾਂ ਦੀਆਂ, ਪਰਜਾ ਮੰਡਲੀਆਂ ਦੇ ਕਾਰਨਾਮਿਆਂ ਦੀਆਂ, ਕੁੱਝ ਆਪਣੀਆਂ ।ਗਿਆਨੀ ਜੀ ਮੈਨੂੰ ਤਾਂ ਬਹੁਤ ਹੀ ਭਾ ਗਏ । ਉਹਨਾਂ ਨੂੰ ਵੀ ਮੈਂ ਚੰਗਾ ਹੀ ਲੱਗਾ ਹੋਵਾਂਗਾ ।ਪਹਿਲੀ ਮਿਲਣੀ ਵਿਚ ਮੁਹੱਬਤ ਪੈ ਗਈ, ਸਰੀਰਕ ਨੇੜਤਾ ਨੇ ਆਤਮਕ ਏਕਤਾ ਵਲ ਜ਼ੋਰਦਾਰ ਪੁਲਾਂਘ ਪੁੱਟੀ । ਸਮਾਂ ਗੁਜ਼ਰਦਾ ਗਿਆ, ਹਾਲਾਤ ਨੇ ਕਰਵਟ ਤੇ ਕਰਵਟ ਲੈਣੀ ਸ਼ੁਰੂ ਕਰ ਦਿੱਤੀ । ਪੰਜਾਬ ਦੀ ਖੁਸ਼ਕਿਸਮਤੀ ਨੂੰ, ਉਹ ਸ਼ੁਭ ਮਹੂਰਤ ਵੀ ਆ ਗਿਆ ਜਦੋਂ ਇਸ ਸੂਰਬੀਰ ਧਰਤੀ ਤੇ ਏਥੋਂ ਦੀ ਹਿੰਮਤਾਂ ਭਰੀ ਵਸੋਂ ਦੀ ਹਕੂਮਤ ਦੀ ਵਾਗ ਡੋਰ ਇਸ ਲੋਕਾਂ ਦੇ ਉਮਰ ਭਰ ਦੇ ਘੁਲਾਟੀਏ ਦੇ ਹੱਥਾਂ ਵਿਚ ਆ ਗਈ ।

ਲਤਾੜੀ ਤੇ ਆਜ਼ਾਦੀ ਤੇ ਤਰੱਕੀ ਲਈ ਜੂਝ ਰਹੀ, ਅੰਗਰੇਜ਼ ਅਤੇ ਉਸ ਦੇ ਗੁਲਾਮ ਰਜਵਾੜਿਆਂ ਦੀ ਦੂਹਰੀ ਦਰੇੜ ਵਿਚ ਆਈ ਲੋਕਾਈ ਵਿਚੋਂ ਉਠਿਆ ਸ਼ੇਰ ਬਬਰ ਗਿਆਨੀ ਜ਼ੈਲ ਸਿੰਘ ਭਾਰਤ ਵਿਚ ਉਸ ਇੰਕਲਾਬੀ ਪਲਟੇ ਦਾ ਪਰਤੀਕ ਹੈ, ਜੋ 15 ਅਗਸਤ, 1947 ਦੀ ਰਾਤ ਦੇ ਬਾਰਾਂ ਵਜੇ ਅਰੰਭ ਹੋਇਆ ਅਤੇ ਜਿਸ ਨੂੰ ਤੋੜ ਤੱਕ ਪੁਚਾਣ ਲਈ ਗਿਆਨੀ ਜੀ ਵਰਗਿਆਂ ਦੀਆਂ ਘਾਲਣਾਵਾਂ ਦੀ ਲਗਾਤਾਰ ਲੋੜ ਹੈ ।ਜਿਸ ਦੇ ਦਿਲ ਵਿਚ ਗਰੀਬ ਲਈ ਦਰਦ ਦੀ ਕਣੀ ਨਾ ਹੋਵੇ, ਉਹ ਭਾਵੇਂ ਕਿੰਨਾ ਵੀ ਚਲਾਕ ਤੇ ਸਿਆਣਾ ਹੋਵੇ, ਦੇਸ਼ ਦੀ ਗਰੀਬੀ ਨੂੰ ਦੂਰ ਕਰਨ ਲਈ ਉਹ ਕੁੱਝ ਨਹੀਂ ਕਰ ਸਕੇਗਾ । ਜਿਹੜਾ ਲੋਕਾਂ ਵਿਚੋਂ ਨਾ ਹੋਣੇ ਤੇ ਜਿਸ ਨੂੰ ਦੁਖੀਆਂ ਦੇ ਦੁਖ ਦੀ ਸਾਰ ਨਾ ਹੋਵੇ, ਉਹ ਡਿਗਰੀਆਂ ਦੇ ਬਾਵਜੂਦ ਚੰਗਾ ਸਮਾਜਕ ਵੈਦ ਨਹੀਂ ਬਣ ਸਕਦਾ । ਗਿਆਨੀ ਜੀ ਗੁਰਬਤ ਦਾ ਅਨੁਭਵ ਹੈ, ਉਹਨਾਂ ਦੇ ਸੀਨੇ ਵਿਚ ਦੁੱਖੀ ਸੰਸਾਰ ਲਈ ਦਰਦ ਦਾ ਸਾਗਰ ਠਾਠਾਂ ਮਾਰ ਰਿਹਾ ਹੈ । ਉਹ ਪਰਵੀਣ ਸਮਾਜਕ ਵੈਦ ਇਸੇ ਕਰਕੇ ਹੈ ।

ਗਿਆਨੀ ਜ਼ੈਲ ਸਿੰਘ ਆਪਣੇ ਅਜ਼ਮਾਏ ਲੋਕ-ਹਿਤ ਅਤੇ ਘੋਲਾਂ ਦੇ ਹੱਡ-ਬੀਤੇ ਤਜਰਬੇ ਸਦਕਾ ਅਜੇਹਾ ਧਨਵੰਤਰੀ ਹੈ ਜਿਹੜਾ ਜਨਤਾ ਜਨਾਰਧਨ ਦੀ ਨਬਜ਼ ਪਛਾਣਦਾ ਹੈ । ਇਸੇ ਲਈ ਉਹ ਇਕ ਚਤੁਰ ਵੈਦ ਹੈ, ਇਕੱਲੇ ਇਕੱਲੇ ਬੰਦੇ ਨੂੰ ਵੀ ਸਮਝਦਾ ਹੈ, ਸਮੂੰਹ ਦੇ ਮਨੋ-ਰੋਗਾਂ ਦੀ ਜਿੰਨੀ ਸੋਝੀ ਉਸ ਕੋਲ ਹੈ, ਭੋਰੇ ਵਿਚ ਪਲੇ ਹੋਏ ਤੇ ਪੇਸ਼ਾਵਰ ਰਾਜਨੀਤਕਾਂ ਦੇ ਪੱਲੇ ਉਸ ਦਾ ਪਾਸਕੂ ਨਹੀਂ ਹੋ ਸਕਦਾ । ਇਹੋ ਕਾਰਨ ਹੈ ਕਿ ਪੰਜਾਬ ਦੀ ਇਕ ਅਸਲੋਂ ਨਿੱਕੀ ਜਹੀ ਰਿਆਸਤ ਦੇ ਨਗੂਣੇ ਜਹੇ ਪਿੰਡ, ਸੰਧਵਾਂ ਦਾ ਜੰਮਪਲ ਗਰੀਬ ਘਰ ਦਾ ਚਸ਼ਮੋ ਚਰਾਗ, ਕਮਜ਼ੋਰ ਵਰਗਾਂ ਦਾ ਦਬੰਗ ਬੰਦਾ ਅਜ ਉਸ ਪੰਜਾਬ ਦਾ ਵਾਲੀਵਾਰਸ ਹੈ, ਜਿਸ ਵਿਚ ਫਰੀਦਕੋਟ ਤੋਂ ਛੁੱਟ ਪੈਪਸੂ ਦੀਆਂ ਸਾਰੀਆਂ ਰਿਆਸਤਾਂ ਤੋਂ ਇਲਾਵਾ ਪੰਜਾਬ ਦਾ ਉਹ ਇਲਾਕਾ ਵੀ ਸ਼ਾਮਿਲ ਹੈ ਜਿਸ ਉੱਤੇ ਅੰਗਰੇਜ਼ ਸ਼ਹਿਨਸ਼ਾਹ ਦੀ ਸਿੱਧੀ ਹਕੂਮਤ ਸੀ । ਹਿੰਦੁਸਤਾਨ ਦੀਆਂ ਰਿਆਸਤਾਂ ਵਿਚੋਂ ਉਠ ਕੇ



ਅੰਗਰੇਜ਼ੀ ਇਲਾਕੇ ਵਿਚ ਮੁੱਖ ਮੰਤਰੀ ਗਿਆਨੀ ਜੀ ਤੋਂ ਛੁੱਟ ਕੋਈ ਹੋਰ ਬਣਿਆਂ ਹੈ ਜਾਂ ਨਹੀ, ਮੈਂ ਨਿਸ਼ਚੇ ਨਾਲ ਨਹੀਂ ਕਹਿ ਸਕਦਾ, ਪਰ ਗਿਆਨੀ ਜ਼ੈਲ ਸਿੰਘ ਤਾਂ ਬਣਿਆਂ ਹੀ ਹੈਂ ਅਤੇ ਇਹ ਆਪਣੇ ਆਪ ਵਿਚ ਇਕ ਅਜੂਬਾ ਗਲ ਹੈ।

ਗਿਆਨੀ ਜੀ ਇਤਿਹਾਸ ਵਿਚ ਇਕ ਚਮਤਕਾਰੀ ਪੁਰਖ ਵਜੋਂ ਯਾਦ ਕੀਤੇ ਜਾਣਗੇ। ਉਹਨਾਂ ਦੀ ਜੀਵਨ ਦੀ ਹਰ ਘਟਨਾ ਚਮਤਕਾਰੀ ਹੈਂ। ਜੋ ਸੰਭਵ ਨਹੀਂ ਸੀ ਉਹਨਾਂ ਨੇ ਸੰਭਵ ਕਰ ਦਿਖਾਇਆ। ਅਜੇਹੇ ਹੈਰਾਨੀ-ਜਨਕ ਕਾਰਨਾਮਿਆਂ ਦੀ ਫਹਿਰਿਸਤ ਬੜੀ ਲੰਬੀ ਹੈ। ਸਭ ਤੋਂ ਪਹਿਲ ਤਾਂ ਉਹਨਾਂ ਨੇ ਬੋਰੀਆਂ ਵਰਗੇ ਦੁਖੀ ਬੰਦੀਵਾਨਾਂ ਨੂੰ ਮੁਕਤੀ ਪਰਦਾਨ ਕੀਤੀ, ਬੇਘਰਾਂ ਨੂੰ ਜੁਰਾਇਮ ਪੇਸ਼ਗੀ ਦੀ ਲਾਅਨਤ ਤੋਂ ਰਿਹਾਈ ਦੁਆਈ। ਉਪਰੰਤ ਫਰੀਦਕੋਟ ਦੇ ਰਾਜ ਵਿਚਲੇ ਵਾਹੀਕਾਰਾਂ ਨੂੰ ਜ਼ਮੀਨਾਂ ਦੀ ਖੁੱਸੀ ਹੋਈ ਮਾਲਕੀ ਦੁਆਈ, ਆਅਲਾ ਮਾਲਕੀ ਖ਼ਤਮ ਕੀਤੀ, ਫੇਰ ਮੌਰੂਸੀਆਂ ਨੂੰ ਮਾਲਕ ਬਣਾਇਆ, ਬੇਸ਼ੁਮਾਰ ਕਿਸਾਨਾਂ ਨੂੰ ਜ਼ਮੀਨਾਂ ਦੇ ਕਬਜ਼ੇ ਦੁਆਏ, ਹੱਕਦਾਰਾਂ ਨੂੰ ਹੱਕ ਦੁਆਏ। ਗੱਲ ਛੋਟੀ ਨਹੀਂ, ਜੇ ਸਮਝਿਆ ਜਾਏ ਤਾਂ ਬਹੁਤ ਵੱਡੀ ਹੈ।

ਪੈਪਸੂ ਵਿਚ ਹਿੰਦੁਸਤਾਨ ਦੇ ਇਤਿਹਾਸ ਵਿਚ ਸ਼ਾਇਦ ਸਭ ਤੋਂ ਪਹਿਲਾਂ ਇਹ ਅਤੇ ਇਸ ਦੇ ਨਾਲ ਲਗਦੇ ਹੋਰ ਇੰਕਲਾਬੀ ਕਦਮ ਚੁੱਕੇ ਗਏ। ਇਸ ਬੇਮਿਸਾਲ ਪਰਗਤੀ ਦੇ ਪਿੱਛੇ ਗਿਆਨੀ ਜ਼ੈਲ ਸਿੰਘ ਆਪਣੇ ਦਰਿੜ੍ਹ ਅਤੇ ਅਡੋਲ ਇਰਾਦਿਆਂ ਤੇ ਪ੍ਰੋਗਰਾਮਾਂ ਨੂੰ ਲਈ ਖੜਾ ਸੀ।


ਪੰਜਾਬ ਦੇ ਮੁੱਖ ਮੰਤਰੀ ਬਣਿਆਂ ਤਿੰਨ ਸਾਲ ਲੰਘ ਗਏ ਸਨ। ਹਿੰਦੁਸਤਾਨ ਦੇ ਸਾਰੇ ਸੂਬਿਆਂ ਉੱਤੇ ਝਾਤ ਮਾਰੋ ਗੜਬੜ ਹੀ ਗੜਬੜ, ਖ਼ੂਨ-ਖਰਾਬੇ, ਤਹਿਰੀਕਾਂ, ਅੰਦੋਲਨ ਤੇ ਗੋਲੀ ਤੇ ਹੱਤਿਆ ਕਾਂਡ। ਪੰਜਾਬ ਸਰਹੱਦੀ ਇਲਾਕਾ ਹੈ, ਇਸ ਨੂੰ ਬਾਰੂਦੀ ਇਲਾਕਾ ਵੀ ਸਮਝਿਆ ਜਾਂਦਾ ਰਿਹਾ ਹੈ, ਪਰ ਅੱਜ ਇਹ ਅਮਨ ਦਾ ਖਿੱਤਾ ਹੈ। ਸਿਹਰਾ ਇਕੋ ਦੇ ਸਿਰ ਹੈ। ਅਮਨ ਦੇ ਵੈਰੀ ਦੰਦਾਂ ਵਿਚ ਉਗਲਾਂ ਲੈਂਦੇ ਸਨ। ਨਾ ਕਰਮਚਾਰੀ, ਅਸੰਤੁਸ਼ਟ ਸਨ, ਨਾ ਪੰਜਾਬ ਦਾ ਗ਼ਰੀਬ ਮਜ਼ਦੂਰ, ਨਾਂ ਸਕੂਲਾਂ ਕਾਲਜਾਂ ਦੇ ਮੁੰਡੇ, ਨਾ ਅਧਿਆਪਕ, ਏਥੇ ਨਾ ਮਜ਼ਹਬੀ ਝਗੜਾ ਹੈ, ਨਾ ਧਾਰਮਕ ਖਿਚੋਤਾਣ। ਸਮੁੱਚੇ ਤੌਰ ਤੇ ਹਾਲਾਤ ਬੜੇ ਖੁਸ਼ਗਵਾਰ ਤੇ ਅਡੋਲ ਸਨ। ਇਹ ਮਾਣ ਵਾਲੀ ਗੱਲ ਹੈ, ਇਸ ਵਿਚ ਕੋਈ ਸ਼ੱਕ ਨਹੀਂ।

ਇਹ ਨਹੀਂ ਕਿ ਹਾਲਾਤ ਪੰਜਾਬ ਵਿਚ ਬਾਕੀਆਂ ਨਾਲੋਂ ਸੌਖੇ ਸਨ, ਜਾਂ ਇਥੇ ਕੋਈ ਸਮੱਸਿਆ ਸੀ ਹੀ ਨਹੀਂ। ਗਲ ਇਓਂ ਨਹੀਂ ਸੀ ਬਿਲਕੁਲ। ਇਸ ਕਿਸਮ ਦਾ ਸਭ ਕੁਝ ਹੈ ਆਮ ਨਾਲੋਂ ਕੁੱਝ ਵੱਧ ਹੀ ਹੋਵੇਗੀ। ਫਰਕ ਏਨਾ ਸੀ ਕਿ ਏਥੇ ਮੁੱਖ ਮੰਤਰੀ ਕੁੱਝ ਵਧੇਰੇ ਹੀ ਸਿਆਣਾ ਤੇ ਲੋਕ ਹਿਤਕਾਰੀ ਸੀ। ਉਸ ਦੇ ਮਨ ਦੀ ਨੇਕੀ ਅਤੇ ਸੁਹਿਰਦਤਾਂ ਤੋਂ ਕੋਈ ਮੁਨੰਕਰ ਨਹੀਂ। ਦੋਸਤ, ਦੁਸ਼ਮਣ ਕਾਇਲ ਸਨ ਕਿ ਜੋ ਕੁੱਝ ਮਨੁੱਖੀ ਹਿੰਮਤ ਤੇ ਅਕਲ ਤੋਂ ਹੋ ਸਕਦਾ ਸੀ, ਉਹ ਗਿਆਨੀ ਜੀ ਪੰਜਾਬ ਦੀ ਬਿਹਤਰੀ ਤੇ ਖੁਸ਼ਹਾਲੀ ਲਈ ਕਰਨੋਂ ਕਦੇ ਕਸਰ ਨਹੀਂ ਰਖਦੇ।

ਬਹੁਤ ਕੁੱਝ ਅਜੇਹਾ ਕੀਤਾ ਜਾ ਚੁੱਕਾ ਹੈ, ਜੋ ਯਾਦਗਾਰੀ ਹੈ ਗੁਰੂ ਗੋਬਿੰਦ ਸਿੰਘ ਮਾਰਗ, ਪੰਜਾਬ ਨੂੰ ਸਦੀਵੀ ਦੇਣ, ਦਸ਼ਮੇਸ਼ ਸਤਿਗੁਰੂ ਦੇ ਉਪਕਾਰ ਨੂੰ ਸਥਾਈ ਸ਼ਰਧਾਂਜਲੀ, ਉਸ ਤੋਂ ਮਿਲਣ ਵਾਲਾ, ਪਰੇਰਨਾ ਸਰੋਤ ਹੈ। ਇਹ 300 ਮੀਲ ਤੋਂ ਵੱਧ ਲੰਬੀ ਸੜਕ, ਸੜਕ ਨਹੀ ਯਾਤਰਾ-ਪੱਥ। ਇਹ ਉਹ ਸ਼ੋਭਾ-ਸਿਲਕ ਹੈ ਜੋ ਗਿਆਨੀ ਜ਼ੈਲ ਸਿੰਘ ਨੇ ਪੰਜਾਬ ਦੇ ਭੂਗੋਲ ਤੇ ਇਤਿਹਾਸ ਦੇ ਮੱਥੇ ਨੂੰ ਲਾਇਆ ਹੈ। ਪਿੰਡਾਂ ਤੇ ਸ਼ਹਿਰਾਂ ਨੂੰ ਜੋੜਦੀਆਂ ਮੁੱਖ ਅਤੇ ਟੋਟੇ ਸੜਕਾਂ ਦਾ ਪਸਾਰ ਸਾਰੇ ਹਿੰਦੁਸਤਾਰ ਤੋਂ ਬਾਜ਼ੀ ਲੈ ਗਿਆ ਹੈ। ਲੋਕ ਭਲਾਈ ਦਾ ਪ੍ਰੋਗਰਾਮ ਜਿੰਨਾ ਪੰਜਾਬ ਵਿਚ ਅੱਗੇ ਵਧਿਆ ਹੈ, ਉਸ ਦਾ ਚੌਥਾਈ ਵੀ ਕਿਥਰੇ ਨਜ਼ਰ ਨਹੀਂ ਆ ਰਿਹਾ। ਕੀ ਖੇਡਾਂ ਦੇ ਮੈਦਾਨ ਵਿਚ, ਕੀ ਸਿਖਿਆ ਦੇ ਖੇਤਰ ਵਿਚ, ਕੀ ਖੇਤ ਉਪਜ ਦੇ ਉਦਯੋਗ ਦੇ ਮੈਦਾਨ ਵਿਚ, ਕੀ ਕਲਾ ਤੇ ਸਾਹਿਤ ਦੇ ਪਿੜ ਵਿਚ, ਗਲ ਕੀ ਜੀਵਨ ਦੀ ਦੌੜ ਦੇ ਹਰ ਪੱਖ ਵਿਚ ਪੰਜਾਬ ਬਾਜ਼ੀ ਤੇ ਬਾਜ਼ੀ ਲਈ ਜਾ ਰਿਹਾ ਹੈ।

ਇਸ ਸਭ ਕੁੱਝ ਦੇ ਪਿੱਛੇ ਗਿਆਨੀ ਜ਼ੈਲ ਸਿੰਘ ਦਾ ਲੋਕ ਤੇ ਦੇਸ਼ ਪਿਆਰ ਦੇ ਭਰਪੂਰ ਜਜ਼ਬੇ ਨਾਲ ਛਲਕਦਾ ਦਿਲ ਹੈ। ਥੁਹੜੇ ਅਰਸੇ ਵਿਚ ਹੀ ਪੰਜਾਬ ਦੇ ਇਸ ਜਨ ਨਾਇਕ ਨੇ ਹਰ ਪੰਜਾਬੀ ਵਿਚ ਆਪਣੇ ਲਈ ਪੱਕੀ ਥਾਂ ਬਣਾ ਲਈ ਸੀ।

ਤੇ ਸ਼ੇਰ ਬਬਰ ਸਰਦਾਰ ਊਧਮ ਸਿੰਘ ਦੀਆਂ ਅਸਥੀਆਂ ਨੂੰ, ਜੋ 33 ਸਾਲ ਖੱਫਣ-ਬੰਦ, ਦੁਸ਼ਮਣ ਦੇ ਦੇਸ਼ ਵਿਚ ਗੱਡੀਆਂ ਹੋਈਆਂ ਸਨ, ਵਾਪਸ ਉਸ ਦੀ ਜਨਮ ਭੂਮੀ ਵਿਚ ਲਿਆਉਣ ਵਾਲਾ ਸੂਰਬੀਰ ਪਰਾਕਰਮੀ ਜੋਧਾ ਵੀ ਤਾਂ ਇਹੋ ਸਾਡੇ ਹਿਰਦੇ ਸਮਰਾਟ ਗਿਆਨੀ ਜ਼ੈਲ ਸਿੰਘ ਹੀ ਸੀ। ਚਾਹੇ ਹਾਲੇ ਬਹੁਤ ਕੁਝ ਕਰਨ ਤੇ ਕੀਤਾ ਜਾਣ ਵਾਲਾ ਬਾਕੀ ਪਿਆ ਹੈ, ਜੋ ਕੁਝ ਹੋ ਚੁੱਕਾ ਹੈ, ਕਿੱਲੇ ਉਸ ਦੇ ਸਦਕੇ ਗਿਆਨੀ ਜੀ ਨੇ ਆਪਣੇ ਦਿਲ ਦੇ ਵੱਟੇ ਪੰਜਾਬੀਆਂ ਨੂੰ ਖਰੀਦ ਲਿਆ ਹੈ। ਜਿਹੜੇ ਗਿਆਨੀ ਜੀ ਨਾਲ ਸਿਆਸੀ ਮੱਤ-ਭੇਦ ਰਖਦੇ ਸਨ, ਉਹ ਵੀ ਸਾਰੇ ਦੇ ਸਾਰੇ ਇਕ-ਜ਼ਬਾਨ ਹਨ ਕਿ ਗਿਆਨੀ ਜ਼ੈਲ ਸਿੰਘ ਵਰਗਾ ਮੁਸ਼ਕਿਲ ਨਾਲ ਹੀ ਜਨਮ ਧਾਰਦਾ ਹੈ, ਮੁਸ਼ਕਿਲ ਨਾਲ ਹੀ ਕਿਸੇ ਦੇਸ਼ ਨੂੰ ਮਿਲਦਾ ਹੈ।



ਭਾਰਤ ਦੇ ਮਹਾਨ ਸਪੂਤ
ਗਿਆਨੀ ਜ਼ੈਲ ਸਿੰਘ

-ਹੈਡਮਾਸਟਰ ਹਰਭਜਨ ਸਿੰਘ ਸੀਹਰਾ-

ਕਿਸੇ ਨੂੰ ਭੀ ਚਿੱਤ-ਚੇਤਾ ਨਹੀਂ ਸੀ, ਕਿ ਫਰੀਦ ਕੋਟ ਤੋਂ ਇਕ ਘੁੱਗ ਵਸਦੇ ਪਿੰਡ ਸੰਧਵਾਂ ਦੇ ਗਰੀਬ ਰਾਮਗੜ੍ਹੀਆ ਪ੍ਰਵਾਰ ਵਿਚ ਪੈਦਾ ਹੋ ਕੇ ਭਾਰਤ ਦੀ ਸਭ ਤੋਂ ਵੱਡੀ ਰਾਸ਼ਟ੍ਰਪਤੀ ਦੀ ਕੁਰਸੀ ਤੱਕ ਪਹੁੰਚਣ ਵਾਲੇ ਗਿਆਨੀ ਜ਼ੈਲ ਸਿੰਘ ਦਾ ਅੰਤ ਇਸ ਤਰ੍ਹਾਂ ਦੇ ਦੁਖਦਾਈ ਹਾਦਸੇ ਵਿਚ ਹੋਵੇਗਾ।

ਗਿਆਨੀ ਜ਼ੈਲ ਸਿੰਘ ਜੀ 5 ਮਈ, 1916 ਨੂੰ ਸਿੰਧਵਾਂ (ਫਰੀਦਕੋਟ) ਵਿਚ ਪੈਦਾ ਹੋਏ। ਗਿਆਨੀ ਜੀ ਨੂੰ ਭਾਵੇਂ ਕਿਸੀ ਸਕੂਲ ਵਿਚ ਜਾਣਾ ਨਸੀਬ ਨਾ ਹੋਇਆ, ਪਰ ਸਤਾਰਾਂ ਸਾਲ ਦੀ ਉਮਰ ਵਿਚ ਹੀ ਉਨ੍ਹਾਂ ਦਾ ਸਿਆਸੀ ਜੀਵਨ ਆਰੰਭ ਹੋ ਗਿਆ ਅਤੇ ਉਨ੍ਹਾਂ ਨੇ ਹੋਰ ਸਾਥੀਆਂ ਨਾਲ ਮਿਲਕੇ ਫਰੀਦਕੋਟ ਰਿਆਸਤ ਵਿਚ ਪਰਜਾ ਮੰਡਲ ਦੀ ਸਥਾਪਨਾ ਕੀਤੀ। ਉਨ੍ਹਾਂ ਨੇ 21 ਸਾਲ ਦੀ ਉਮਰ ਵਿਚ ਹੀ ਫਰੀਦ ਕੋਟ ਸਕੱਤਰੇਤ ਉਤੇ ਚਾਰ ਘੰਟੇ ਕਬਜਾ ਕਰਕੇ ਮਤਵਾਜ਼ੀ ਸਰਕਾਰ ਬਣਾਈ। ਫਰੀਦ ਕੋਟ ਰਾਜੇ ਦੀ ਫੌਜ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। ਉਨ੍ਹਾਂ ਨੂੰ ਪਹਿਲਾ ਕੇਸਾਂ ਨਾਲ ਬੰਨ ਕੇ ਜੀਪ ਮਗਰ ਘਸੀਟਿਆ ਗਿਆ ਅਤੇ ਫੇਰ ਪੰਜ ਸਾਲ ਦੀ ਕੈਦ ਦੀ ਸਜ਼ਾ ਦੇ ਕੇ ਕਾਲ ਕੋਠੜੀ ਵਿਚ ਬੰਦ ਕਰ ਦਿੱਤਾ ਗਿਆ। ਇਥੇ ਉਨ੍ਹਾਂ ਦੇ ਡੰਡਾ ਬੇੜੀ ਭੀ ਲਾਈ ਗਈ, ਪਰ ਆਪਣੇ ਇਹ ਸਾਰੇ ਕਸ਼ਟ ਖਿੜੇ ਮੱਥੇ ਬਰਦਾਸ਼ਤ ਕੀਤੇ।

ਗਿਆਨੀ ਜ਼ੈਲ ਸਿੰਘ ਜੀ ਨੇ ਰਿਆਸਤ ਪਰਜਾ ਮੰਡਲ ਅਤੇ ਕਾਂਗਰਸ ਜਮਾਤ ਵਿਚ ਕਾਫੀ ਸੇਵਾ ਕੀਤੀ। ਉਨ੍ਹਾਂ ਨੇ 1938 ਵਿਚ ਫਰੀਦਕੋਟ ਵਿਚ ਕਾਂਗਰਸ ਪਾਰਟੀ ਦੀ ਨੀਂਹ ਰੱਖੀ। ਉਹ 1946-48 ਤੱਕ ਰਿਆਸਤ ਪਰਜਾ ਮੰਡਲ ਦੇ ਪ੍ਰਧਾਨ ਰਹੇ ਅਤੇ 1955-56 ਦੇ ਸਾਲ ਪੈਪਸੂ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਵੀ ਰਹੇ।

ਉਹ 1948-49 ਵਿਚ ਪੈਪਸੂ ਸਰਕਾਰ ਵਿਚ ਮਾਲ-ਮੰਤਰੀ ਰਹੇ ਅਤੇ ਬਾਅਦ ਵਿਚ 1951-52 ਵਿਚ ਖੇਤੀ-ਬਾੜੀ ਮੰਤਰੀ ਰਹੇ। ਉਹ 1956-62 ਤੱਕ ਰਾਜ ਸਭਾ ਦੇ ਮੈਂਬਰ ਰਹੇ।

1966 ਵਿਚ ਉਹ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਚੁਣੇ ਗਏ। 1972 ਵਿਚ ਆਨੰਦ ਪੁਰ ਸਾਹਿਬ ਹਲਕੇ ਤੋਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ ਅਤੇ ਮਾਰਚ 1972 ਵਿਚ ਪੰਜਾਬ ਦੇ ਮੁੱਖ-ਮੰਤਰੀ ਦੇ ਅਹੁਦੇ ਪੁਰ ਸੁਸ਼ੋਭਤ ਹੋਇ।

ਜਨਵਰੀ 1980 ਵਿਚ ਦੇਸ਼ ਦੇ ਗ੍ਰਿਹ ਮੰਤਰੀ ਬਣੇ ਅਤੇ 1982 ਵਿਚ ਦੇਸ਼ ਦੇ ਸੱਤਵੇ ਰਾਸ਼ਟਰਪਤੀ ਦੇ ਸਰਬ-ਉੱਚ ਅਹੁਦੇ ਉਤੇ ਬਰਾਜਮਾਨ ਹੋਏ। ਇਸ ਅਹੁਦੇ ਉਤੇ ਪਹੁੰਚਣ ਵਾਲੇ ਉਹ ਪਹਿਲੇ ਪੰਜਾਬੀ ਤੇ ਰਾਮਗੜ੍ਹੀਏ ਸਿੱਖ ਸਨ।

ਗਿਆਨੀ ਜੀ ਬਹੁ-ਪੱਖੀ ਸ਼ਖਸੀਅਤ ਸਨ। ਗਿਆਨੀ ਜੀ ਦੇ ਸਿਰੜ, ਲਿਆਕਤ, ਪਾਰਟੀ ਪ੍ਰਤੀ ਵਫਾਦਾਰੀ, ਲਗਨ ਅਤੇ ਕਰੜੀ ਮਿਹਨਤ ਦਾ ਹੀ ਨਤੀਜਾ ਸੀ ਕਿ ਉਹ ਗਰੀਬ ਘਰਾਣੇ ਵਿਚ ਪੈਦਾ ਹੋਕੇ ਕੱਚੇ ਕੋਠੇ ਵਿਚ ਜ਼ਿੰਦਗੀ ਬਤੀਤ ਕਰਦੇ ਹੋਏ ਰਾਸ਼ਟਰਪਤੀ ਭਵਨ ਤੱਕ ਪਹੁੰਚੇ। ਉਨ੍ਹਾਂ ਦਾ ਜੀਵਨ ਇਕ ਮਹਾਂ-ਕਾਵਿ ਬਣ ਗਿਆ, ਅਤੇ ਉਹ ਤੇਜ਼ ਨਦੀ ਵਾਂਗ ਰੁਕਾਵਟਾਂ ਦੀ ਪਰਵਾਹ ਨਾ ਕਰਦੇ ਹੋਏ ਅੱਗੇ ਹੀ ਵੱਧਦੇ ਗਏ।

ਗਿਆਨੀ ਜੀ ਭਾਵੇਂ ਬਹੁਤੀ ਪੜ੍ਹਾਈ ਨਾ ਕਰ ਸਕੇ, ਫਿਰ ਵੀ ਉਹ ਪੰਜਾਬੀ ਅਤੇ ਉਰਦੂ ਚੰਗੀ ਤਰ੍ਹਾਂ ਪੜ੍ਹ ਸਕਦੇ ਸਨ ਅਤੇ ਕੰਮ ਚਲਾਊ ਅੰਗਰੇਜ਼ੀ ਵੀ ਜਾਣਦੇ ਸਨ। ਉਹ ਪੂਰਨ ਗੁਰ ਸਿੱਖ ਅਤੇ ਬਹੁਤ ਧਾਰਮਿਕ ਵਿਅਕਤੀ ਸਨ ਅਤੇ ਬਾ-ਕਾਇਦਗੀ ਨਾਲ ਗੁਰਬਾਣੀ ਦਾ ਨਿਤ ਪਾਠ ਕਰਦੇ ਸਨ। ਗੁਰੂ ਗੋਬਿੰਦ ਸਿੰਘ ਮਾਰਗ ਵੀ ਉਨ੍ਹਾਂ ਦੀ ਹੀ ਦੇਣ ਹੈ। ਉਹ ਬਹੁਤ ਪ੍ਰਭਾਵਸ਼ਾਲੀ ਬੁਲਾਰੇ ਵੀ ਸਨ ਆਪਣੀ ਤਕਰੀਰ ਨੂੰ ਉਹ ਉਰਦੂ, ਫਾਰਸੀ ਦੇ ਸ਼ਿਅਰਾਂ ਨਾਲ ਪ੍ਰਭਾਵਸ਼ਾਲੀ ਬਣਾਕੇ ਸਰੋਤਿਆਂ ਦੇ ਮਨ ਜਿਤ ਲੈਂਦੇ ਸਨ।

ਉਨ੍ਹਾਂ ਨੇ ਸਿਆਸਤਦਾਨ ਤੋਂ ਰਾਜਨੀਤੀਵੇਤਾ ਤੱਕ ਦਾ ਸਫਰ ਇਤਨਾ ਜੱਦੋਜਹਿਦ ਨਾਲ ਤੈਅ ਕੀਤਾ ਕਿ ਉਨ੍ਹਾਂ ਦੇ ਵਿਰੋਧੀ ਵੀ ਪ੍ਰਸ਼ੰਸਾ ਕਰਨੋਂ ਨਾ ਰਹਿ ਸਕੇ।

ਗਿਆਨੀ ਜੀ ਹਮੇਸ਼ਾ ਹੀ ਧਰਮ-ਨਿਰਪੱਖਤਾ ਦੇ ਹਾਮੀ ਸਨ। ਉਹ ਗਰੀਬਾਂ ਦੇ ਮਸੀਹੇ ਤੇ ਦਲਿਤਾਂ ਦੇ ਹਮਦਰਦ ਸਨ। ਉਹ ਯਾਰਾਂ ਦੇ ਯਾਰ ਸਨ। ਉਹ ਸਦਾ ਹੀ ਗਰੀਬਾਂ ਦੇ ਸਾਥੀ ਰਹੇ।

ਵੱਡੇ ਮਾਣ ਵਾਲੀ ਗੱਲ ਹੈ ਕਿ ਉਨ੍ਹਾਂ ਦੇ ਕਿਰਦਾਰ ਪੁਰ ਕਿਸੀ ਪ੍ਰਕਾਰ ਦਾ ਕੋਈ ਧੱਬਾ ਨਾ ਲੱਗਾ ਅਤੇ ਉਨ੍ਹਾਂ ਦੇ ਸਾਰੇ ਸਿਆਸੀ ਜੀਵਨ ਵਿਚ

ਭਰਿਸ਼ਟਾਚਾਰ ਦਾ ਕੋਈ ਦੋਸ਼ ਉਨ੍ਹਾਂ ਉਤੇ ਨਾ ਲੱਗਾ । ਇਹੀ ਕਾਰਨ ਹੈ ਕਿ ਜਨਤਾ ਵਿਚ ਉਹ ਹਰਮਨ ਪਿਆਰੇ ਤੇ ਮਹਿਬੂਬ ਨੇਤਾ ਸਨ ।

ਗਿਆਨੀ ਜੀ ਦਰਵੇਸ਼ ਸਿਆਸਤਦਾਨ, ਸੁਚੱਜੇ ਪ੍ਰਸ਼ਾਸਕ, ਦੂਰਅੰਦੇਸ਼, ਤੇ ਚੋਖੀ ਸੂਝ-ਬੂਝ ਦੇ ਮਾਲਕ ਸਨ । ਗੰਭੀਰ ਤੋਂ ਗੰਭੀਰ ਸਮੱਸਿਆਵਾਂ ਦਾ ਹੱਲ ਕਰਨ ਦੀ ਸਮਰੱਥਾ ਰੱਖਦੇ ਸਨ। ਇਕ ਸੱਚੇ ਸੁੱਚੇ ਗੁਰ ਸਿੱਖ ਹੋਣ ਦੇ ਨਾਤੇ ਵਾਹਿਗੁਰੂ ਤੇ ਅਟੁੱਟ ਵਿਸ਼ਵਾਸ ਰੱਖਦੇ ਸਨ । ਇਹੀ ਨਿਸ਼ਚਾ ਹਰ ਕੰਮ ਵਿਚ ਉਨ੍ਹਾਂ ਦੀ ਸਫਲਤਾ ਦਾ ਰਾਜ਼ ਸੀ ।

ਉਹ ਇਤਨੇ ਦਾਨਸ਼ਮੰਦ ਸਿਆਸਤਦਾਨ ਸਨ ਕਿ ਉਹ ਝੱਟਪੱਟ ਲੋਕਾਂ ਦੀ ਨਬਜ਼ ਪਹਿਚਾਣ ਲੈਂਦੇ ਸਨ । ਉਨ੍ਹਾਂ ਦੇ ਮਨ ਦੀ ਗੱਲ ਭਾਂਪਕੇ ਮਾਮਲੇ ਨੂੰ ਉਸੀ ਢੰਗ ਨਾਲ ਨਜਿਠ ਲੈਂਦੇ ਸਨ।

ਅਸਲੀਅਤ ਇਹ ਹੈ ਕਿ ਗਿਆਨੀ ਜ਼ੈਲ ਸਿੰਘ ਸਾਡੇ ਦੇਸ਼ ਵਿਚ ਪੈਦਾ ਹੋਏ, ਥੋੜੇ ਜਿਹੇ ਪ੍ਰਖਤਾ ਸਿਅਤਸਦਾਨਾਂ ਵਿਚੋਂ ਇਕ ਹੋਏ ਹਨ । ਉਨ੍ਹਾਂ ਦੀ ਸੂਝ-ਬੂਝ ਅਤੇ ਸਿਆਸਤਵਾਦੀ ਸ਼ਕਤੀ ਅਪਾਰ ਸੀ ਅਤੇ ਉਨ੍ਹਾਂ ਨੂੰ ਸਮੇਂ ਦੀ ਕਦਰ ਦਾ ਡੂੰਘਾ ਅੰਦਾਜ਼ਾ ਸੀ । ਇਤਿਹਾਸ ਨੂੰ ਮੋੜ ਦੇਣ ਦੀ ਉਨ੍ਹਾਂ ਵਿਚ ਸਮੱਰਥਾ ਸੀ । ਵਰਤਮਾਨ ਪੰਜਾਬ ਦੀ ਨੁਹਾਰ ਘੜਨ ਵਿਚ ਉਨ੍ਹਾਂ ਦਾ ਮਹੱਤਵ ਪੂਰਨਯੋਗਦਾਨ ਹੈ।

ਉਹ ਸਰਬਤ ਦਾ ਭਲਾ ਚਾਹੁਣ ਵਾਲੇ ਮਹਾਂ ਪੁਰਸ਼ ਸਨ । ਭਾਰਤ ਦੇ ਇਤਿਹਾਸ ਵਿਚ ਉਨ੍ਹਾਂ ਦਾ ਨਵੇਕਲਾ ਸਥਾਨ ਰਹੇਗਾ । ਇਸ ਪੂਰਨ ਮਨੁੱਖ ਦੀਆਂ ਯਾਦਾਂ ਹਮੇਸ਼ਾ ਹੀ ਭਾਰਤ ਦੇ ਲੋਕਾਂ ਵਿਚ ਤਾਜ਼ਾ ਰਹਿਣਗੀਆਂ । ਇਸ ਮਹਾਨ ਸਪੂਤ ਦਾ ਭਾਰਤ ਮਾਤਾ ਨੂੰ ਨਾ-ਪੂਰਾ ਹੋਣ ਵਾਲਾ ਘਾਟਾ ਪਿਆ ਹੈ । ਇਸ ਗੱਲ ਦਾ ਦੁਖ ਅਸਿਹ ਹੈ, ਕਿ ਗਿਆਨੀ ਜ਼ੈਲ ਸਿੰਘ ਵਰਗੇ ਧਰਤੀ-ਪੁਤਰ ਦੀ ਜੀਵਨ ਲੀਲਾ ਨਿੱਕੀ ਜਿਹੀ ਅਮਗਹਿਲੀ ਕਾਰਨ ਸਮੇਂ ਤੋਂ ਕਿਤੇ ਪਾਂਹਲਾਂ ਹੀ ਸਮਾਪਤ ਹੋ ਗਈ, ਇਸ ਧਰਤੀ ਪੁਰ ਇਨਸਾਨ ਆਉਂਦੇ ਰਹਿਣਗੇ ਪਰ ਇਸ ਤਰ੍ਹਾਂ ਦਾ ਯੁਗ-ਪੁਰਸ਼ ਵਿਰਲਾ ਹੀ ਪੈਦਾ ਹੋਵੇਗਾ ।

ਹਜ਼ਾਰੋਂ ਸਾਲ ਨਰਗਸ
ਆਪਣੀ ਬੇ-ਨੂਰੀ ਪੇ ਰੋਤੀਹੈ
ਬੜੀ ਮੁਸ਼ਕਲ ਸੇ ਹੋਤਾ ਹੈ
ਚਮਨ ਮੇਂ ਦੀਦਾਵਰ ਪੈਦਾ ।

ਗਿਆਨੀ ਜੀ ਦਾ ਵਿਛੋੜਾ ਸਾਰੇ ਦੇਸ਼ ਲਈ ਅਤਿਅੰਤ ਦੁਖ ਤੇ ਗਮ ਭਰਿਆ ਹੈ ।

ਰਾਮਗੜੀਆ ਬ੍ਰਾਦਰੀ ਨੂੰ ਵਿਸ਼ੇਸ਼ ਤੌਰ ਪੁਰ ਉਨ੍ਹਾਂ ਤੇ ਮਾਨ ਹੈ, ਜਿਨ੍ਹਾਂ ਨੇ ਆਪਣੇ ਜੀਵਨ ਕਾਲ ਵਿਚ ਬਰਾਦਰੀ ਦਾ ਨਾਂ ਉੱਚਾ ਕੀਤਾ ਹੈ । ਉਨ੍ਹਾਂ ਨੂੰ ਸੱਚੀ ਤੇ ਸੁੱਚੀ ਸ਼ਰਧਾਂਜਲੀ ਇਹੋ ਹੈ ਕਿ ਅਸੀਂ ਰਾਮਗੜੀਏ ਉਨ੍ਹਾਂ ਦੇ ਨਕਸ਼ੇ-ਕਦਮ ਪੁਰ ਚਲਕੇ ਕੌਮ ਦੀ ਆਨ ਤੇ ਸ਼ਾਨ ਨੂੰ ਬਰਕਰਾਰ ਰੱਖੀਏ ।

ਸੋਤ ਵੀਚਾਰ

❒ ਸਿਰਫ਼ ਬਹੁਤ ਸਿਆਣਾ ਜਾਂ ਬਹੁਤਾ ਮੂਰਖ ਨਹੀਂ ਬਦਲਦਾ ।

❒ ਜਿੰਦਗੀ ਵਿਚ ਠੋਸ ਰੂਪ ਵਿਚ ਵਧੀਆਂ ਚੀਜ਼ ਪੈਦਾ ਕਰਨ ਲਈ, ਉਸ ਤੋਂ ਸੈਂਕੜੇ ਗੁਣਾਂ ਜ਼ਿਆਦਾ ਵਧੀਆਂ ਵਾਰੀ ਸੋਚਣਾ ਪੈਂਦਾ ਹੈ ।

❒ ਕਿਸੇ ਵਿਅਕਤੀ ਨੂੰ ਪਰਖਣਾ ਹੈ, ਤਾਂ ਉਸ ਦੁਆਰਾ ਕੀਤੇ ਪ੍ਰਸ਼ਨਾਂ ਤੋਂ ਪਰਖੋ, ਨਾ ਕਿ ਉਸ ਦੇ ਜਵਾਬ ਦੁਆਰਾ ।

❒ ਜਿਸ ਵਿਚ ਨੇਕੀ ਨਹੀਂ ਉਸ ਦੇ ਬਾਹਰਲੇ ਚਮਕੀਲੇ ਵਸਤਰ ਵੀ ਚੀਥੜਿਆਂ ਤੋਂ ਵੱਧ ਨਹੀ ।

❒ ਜਵਾਨ ਰਹਿਣ ਲਈ ਹਰ ਰੋਜ਼ ਇਕ ਕਵਿਤਾ ਪੜੋ, ਇੱਕ ਵਧੀਆਂ ਗੀਤ ਸੁਣੋ, ਇਕ ਵਧੀਆ ਤਸਵੀਰ ਵੇਖੋ, ਅਤੇ ਜੇਕਰ ਹੋ ਸਕੇ ਤਾਂ ਇੱਕ ਚੰਗਾ ਕੰਮ ਕਰੋ ।

❒ ਦੋ ਗੱਲਾਂ ਤੁਹਾਡੀ ਕਮਜ਼ੋਰੀ ਜ਼ਾਹਿਰ ਕਰਦੀਆਂ ਹਨ ਜਦੋਂ ਬੋਲਣ ਦਾ ਵਕਤ ਹੋਵੇ ਉਦੋਂ ਚੁੱਪ ਰਹਿਣਾ ਅਤੇ ਜਦੋਂ ਚੁਪ ਰਹਿਣ ਵਿਚ ਸਿਆਣਪ ਹੋਵੇ ਉਦੋਂ ਬੋਲਣਾ । (ਜਾਪਾਨੀ ਕਹਾਵਤ)

❒ ਇੱਕ ਛੋਟੀ ਜਿਹੀ ਕੋਠੜੀ ਦੀ ਇਕ ਬਰੀਕ ਝੀਤ ਵਿਚੋਂ ਸਮੁੰਦਰ ਨੂੰ ਜਾਂ ਅਕਾਸ਼ ਨੂੰ ਇਨਸਾਨ ਵੇਖ ਸਕਦਾ ਹੈ ਪਰ ਵੇਖਣ ਵਾਲੀ ਅੱਖ ਚਾਹੀਦੀ ਹੈ ।

❒ ਮੋਹ ਜੰਗਲ ਦੀ ਝੌਂਪੜੀ ਦਾ ਹੋਵੇ ਜਾਂ ਮਹਿਲ ਦਾ ਮੋਹ ਆਖਰ ਮੋਹ ਹੀ ਹੈ ਗੁਰਮੁਖੋ ।

❒ ਜ਼ਬਾਨ ਦੀ ਹਿਫਾਜ਼ਤ, ਦੋਲਤ ਤੋਂ ਜਿਆਦਾ ਮੁਸ਼ਕਿਲ ਹੁੰਦੀ ਹੈ ।

❒ ਬਗੈਰ ਸੀਰਤ ਦੇ ਸੂਰਤ ਇੰਝ ਅਜਿਹਾ ਫੁੱਲ ਹੈ, ਜਿਸ ਵਿਚ ਕੰਡੇ ਜ਼ਿਆਦਾ ਹੋਣ ਤੇ ਖੁਸ਼ਬੂ ਬਿਲਕੁਲ ਨਾ ਹੋਵੇ ।

—ਸਨੇਹਇੰਦਰ ਸਿੰਘ ਮੀਲੂ, ਫਰੋਰ
(ਫਤਹਿਗੜ੍ਹ ਸਾਹਿਬ)

ਗੁਰੂ ਗੋਬਿੰਦ ਸਿੰਘ ਮਾਰਗ

ਗਿਆਨੀ ਜ਼ੈਲ ਸਿੰਘ ਜੀ ਦੀ ਵੱਡੀ ਸਫਲਤਾ

-ਬਖਸ਼ੀਸ਼ ਸਿੰਘ ਮਕਸੂਦਾਂ-

ਦੁਨੀਆ ਦੇ ਇਤਿਹਾਸ ਨੂੰ ਆਰੰਭ ਕਾਲ ਤੋਂ ਅਨੇਕਾਂ ਮਹਾਂਪੁਰਸ਼ਾਂ, ਪੈਗੰਬਰਾਂ, ਅਵਤਾਰਾਂ, ਤਾਜਦਾਰਾਂ, ਫਿਲਾਸਫਰਾਂ, ਮੁਦੱਬਰਾਂ ਅਤੇ ਸਿਆਸਤਦਾਨਾ ਨੇ ਸ਼ਿੰਗਾਰਿਆਂ ਹੈ । ਪਰ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਮਹਾਨ ਪ੍ਰਕਾਸ਼ਮਈ ਸ਼ਖਸੀਅਤ ਇਤਿਹਾਸ ਵਿਚ ਵੱਖਰੀ ਛਬ, ਪ੍ਰਤਿਭਾ, ਨਿਰਾਲੀ ਸ਼ਾਨ ਅਲੌਕਿਕ ਅਤੇ ਮਹਿਮਾ ਅਗਾਦ, ਬੋਧ ਤੇ ਅਪਰ ਅਪਾਰ ਹੈ ।

ਇਤਿਹਾਸ ਵਿਚ ਐਸੀ ਕੋਈ ਮਿਸਾਲ ਨਹੀ ਮਿਲਦੀ, ਜਿਸ ਨੇ ਦਸਮੇਸ਼ ਪਿਤਾ ਵਾਂਗ ਮਾਨਵਤਾ ਦੇ ਕਲਿਆਣ ਲਈ ਜ਼ੁਲਮ, ਅਨਿਆਏ ਅਤੇ ਕਟੜਵਾਦੀ ਫਿਰਕੂ ਸ਼ਖਸੀਅਤਾਂ ਦੇ ਖਿਲਾਫ, ਧਰਮ ਯੁੱਧ ਕਰਦਿਆਂ ਆਪਣਾ ਸਾਰਾ ਸਰਬੰਸ ਵਾਰਿਆ ਹੋਵੇ, ਅਤੇ ਮਾਨਵ ਜਾਤੀ ਦੇ ਗਰੀਬਾਂ ਦੀ ਰੱਖਿਆ ਕੀਤੀ ਹੋਵੇ ।ਉਹਨਾਂ ਦੀ ਯਾਦ ਹਮੇਸ਼ਾ ਤਾਜ਼ੀ ਰਹੇਗੀ ।

ਗਿਆਨੀ ਜ਼ੈਲ ਸਿੰਘ ਉਸ ਵੇਲੇ ਦੇ ਮੁੱਖ ਮੰਤਰੀ ਪੰਜਾਬ ਨੇ, ਸ੍ਰੀ ਅਨੰਦਪੁਰ ਸਾਹਿਬ ਤੋਂ 10 ਅਪ੍ਰੈਲ 1973 ਨੂੰ ਗੁਰੂ ਗੋਬਿੰਦ ਸਿੰਘ ਮਾਰਗ ਦੀ ਧਾਰਮਿਕ ਯਾਤਰਾ ਆਰੰਭ ਕਰਕੇ 640 ਕਿਲੋਮੀਟਰ ਲੰਬੀ ਹਾਈ ਵੇ ਤੇ ਮਹਾਨ ਯਾਤਰਾ 13 ਅਪ੍ਰੈਲ 1973 ਵਿਸਾਖੀ ਵਾਲੇ ਦਿਨ ਦਮਦਮਾ ਸਾਹਿਬ ਤਲਵੰਡੀ ਸਾਬੋ ਤਖਤ ਸਾਹਿਬ ਵਿਖੇ ਗੁਰਮ੍ਰਯਾਦਾ ਅਨੁਸਾਰ ਸੰਪੂਰਨ ਕੀਤੀ। ਗਿਆਨੀ ਜ਼ੈਲ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਮਾਰਗ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਆਦਰਸ਼ਾਂ ਤੇ ਚਲਦੇ ਹੋਏ ਹਰ ਇਕ ਫਿਰਕੇ ਦੇ ਬਾਲ, ਵਿਰਧ, ਮਾਈ, ਭਾਈ ਸਾਰੀ ਲੋਕਾਈ, ਸਾਰਾ ਪੰਜਾਬ, ਸਾਰਾ ਹਿੰਦੋਸਤਾਨ ਇਸ ਯਾਤਰਾ ਵਿਚ ਗਿਆਨੀ ਜ਼ੈਲ ਸਿੰਘ ਜੀ ਦੇ ਮੋਢੇ ਨਾਲ ਮੋਢਾ ਲਾ ਕੇ ਦਸ਼ਮੇਸ਼ ਪਿਤਾ ਦੀ ਯਾਦ ਵਿਚ ਜ਼ਾਤ, ਪਾਤ, ਰੰਗ ਰੂਪ ਦੇ ਵਿਤਕਰੇ ਤੋਂ ਨਿਰਲੇਪ ਹੋ ਕੇ ਇਸ ਮਹਾਨ ਯਾਤਰਾ ਵਿਚ ਆਪਣਾ ਜਨਮ ਸਫਲਾ ਕੀਤਾ ।

ਗੁਰੂ ਗੋਬਿੰਦ ਸਿੰਘ ਮਾਰਗ ਉਪਰ ਲੱਖਾਂ ਸ਼ਰਧਾਲੂਆਂ ਦੀਆਂ ਵਹੀਰਾਂ ਲੰਘੀਆਂ, ਜਿਨ੍ਹਾਂ ਦੀ ਅਗਵਾਈ ਪੰਜ ਪਿਆਰੇ ਕਰ ਰਹੇ ਸਨ।ਗੁਰੂ ਗ੍ਰੰਥ ਸਾਹਿਬ ਸੁੰਦਰ ਪਾਲਕੀ ਸਾਹਿਬ ਵਿਚ ਬਹੁਤ ਹੀ ਅਨੋਖੇ ਢੰਗ ਨਾਲ ਸਜਾਏ ਹੋਏ ਸਨ । ਅਨੰਦਪੁਰ ਸਾਹਿਬ ਤੋਂ ਦਮਦਮਾ ਸਾਹਿਬ ਤੱਕ 640 ਕਿਲੋਮੀਟਰ ਲੰਮੀ ਪੱਕੀ ਸੜਕ ਤੇ, ਗਿਆਨੀ ਜ਼ੈਲ ਸਿੰਘ ਜੀ ਨੇ ਇਸ ਤਰ੍ਹਾਂ ਦਾ ਖਰੜਾ ਤਿਆਰ ਕੀਤਾ, ਜੋ ਕਿ 91 ਪਵਿੱਤਰ ਇਤਿਹਾਸਕ ਅਸਥਾਨਾਂ ਨੂੰ ਜੋੜਦਾ ਹੈ । ਗਿਆਨੀ ਜੀ ਨੇ ਇਸ ਇਤਿਹਾਸਕ ਮਾਰਗ ਤੇ ਪੰਜ ਮੁਖੀਆਂ 91 ਲਾਠਾ (ਥੰਮ) ਉਸਾਰੀਆਂ ਜਿਨ੍ਹਾਂ ਲਾਠਾਂ ਦੀਆਂ ਚਾਰ ਭੁਜਾਵਾਂ ਉਤੇ ਪੰਜਾਬੀ, ਹਿੰਦੀ, ਅੰਗਰੇਜ਼ੀ ਅਤੇ ਉਰਦੂ ਵਿਚ ਗੁਰੂ ਜੀ ਦੀਆਂ ਕਿਰਤਾਂ ਉਕਰਵਾਈਆਂ ਅਤੇ ਪੰਜਵੀ ਭੁਜਾ ਉਤੇ ਉਸੇ ਇਤਿਹਾਸਕ ਅਸਥਾਨ ਦੀ ਮਹੱਤਤਾ ਉਕਰੀ ਗਈ।

ਗਿਆਨੀ ਜ਼ੈਲ ਸਿੰਘ ਜੀ ਨੇ 9 ਅਪ੍ਰੈਲ 1973 ਨੂੰ ਇਸ ਵਿਸ਼ੇਸ਼ ਮਾਰਗ ਯਾਤਰਾ ਵਾਸਤੇ ਸ੍ਰੀ ਹਜ਼ੂਰ ਸਾਹਿਬ ਨੰਦੇੜ ਤੋ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਘੋੜਿਆਂ ਦੀ ਨਸਲ ਵਿਚੋਂ ਦੋ ਘੋੜੇ ਦਿਲਬਾਗ ਤੇ ਅਮੋਲਕ ਮਹਾਨ ਯਾਤਰਾ ਵਿਚ ਸ਼ਾਮਲ ਹੋਣ ਲਈ ਲਿਆਂਦੇ । ਸ੍ਰੀ ਪਾਉਂਟਾ ਸਾਹਿਬ ਤੋਂ ਗਿਆਨੀ ਜੀ ਨੇ ਬੜੇ ਸਤਿਕਾਰ ਨਾਲ ਗੁਰੂ ਸਹਿਬ ਦੇ ਪਵਿੱਤਰ ਸ਼ਸਤਰ, ਬਸਤਰ ਅਤੇ ਯਾਦਗਾਰਾਂ ਲਿਆਉਣ ਦਾ ਪ੍ਰਬੰਧ ਕੀਤਾ । ਸ਼ਸਤਰ ਵੇਰਵੇ ਸਹਿਤ :-

1. ਤੋੜੇ ਵਾਲੀ ਬੰਦੂਕ-ਜਿਹੜੀ ਦਸਮੇਸ਼ ਪਿਤਾ ਜੀ ਨੇ ਭੰਗਾਣੀ ਦੇ ਯੁੱਦ ਵਿਚ ਵਰਤੀ ।
2. ਕਾਨੀਆਂ-ਜਿਨ੍ਹਾਂ ਨਾਲ ਗੁਰੂ ਜੀ ਨੇ ਬਚਿੱਤਰ ਨਾਟਕ ਲਿਖਿਆ ।
3. ਸਾਹਿਬਜਾਦਾ ਅਜੀਤ ਸਿੰਘ ਦਾ ਪਿਸਤੋਲ ।
4. ਕਟਾਰ ।
5. ਤਿਕਲਨੀ ।
6. ਕਿਰਪਾਨ ਜੋ ਨਾਹਨ ਰਾਜਾ ਕੋਲ ਸੀ । ਇਸ ਕ੍ਰਿਪਾਨ ਨਾਲ ਗੁਰੂ ਜੀ ਨੇ ਸ਼ਿਕਾਰ ਖੇਡਿਆ ਸੀ ।

ਗਿਆਨੀ ਜ਼ੈਲ ਸਿੰਘ ਜੀ ਨੇ ਤੇ ਰਾਜਪਾਲ ਪੰਜਾਬ ਸ੍ਰੀ ਡੀ.ਸੀ ਪਾਂਵਟੇ ਜੀ ਨੇ 6 ਅਪ੍ਰੈਲ 1973 ਨੂੰ ਸਵੇਰੇ 11 ਵਜੇ ਕ੍ਰਿਕਟ ਸਟੇਡੀਅਮ ਚੰਡੀਗੜ੍ਹ ਵਿਖੇ ਘੋੜਿਆਂ ਲਈ ਸੁੰਦਰ ਦੁਸ਼ਾਲੇ ਭੇਟਾ ਕੀਤੇ । ਗਿਆਨੀ ਜੀ ਨੇ ਘੋੜਿਆਂ ਦੀ ਮਹੱਤਤਾ ਬਾਰੇ ਆਈਆਂ ਸੰਗਤਾਂ ਨੂੰ ਦਸਿਆ । ਦੋਵੇਂ ਘੋੜੇ ਦਿਲਬਾਗ ਤੇ ਅਮੋਲਕ ਗੁਰੂ ਗੋਬਿੰਦ ਸਿੰਘ ਜੀ ਦੇ ਉਸ ਇਤਿਹਾਸਕ ਸਥਾਨ ਤੋਂ ਲਿਆਂਦੇ ਗਏ ਜਿਥੇ ਮਹਾਰਾਜ ਜੀ ਨੇ ਅੰਤਮ ਉਪਦੇਸ਼ ਦਿੱਤਾ ਸੀ ਕਿ "ਜੁਗੋ ਜੁਗ ਅਟੱਲ ਗੁਰੂ ਗ੍ਰੰਥ ਸਾਹਿਬ ਗੁਰੂ ਹੋਵੇਂਗਾ" ਦਾ ਹੁਕਮ ਦੇ ਕੇ ਜੋਤੀ ਜੋਤ ਸਮਾਏ । ਆਪ ਨੀਲੇ ਤੇ ਅਸਵਾਰ ਹੋਏ ਸਨ । ਉਸ ਨੀਲੇ ਘੋੜੇ ਦਾ ਨਾਂ 'ਜਾਨ ਜ਼ਾਈ' ਸੀ । ਗਿਆਨੀ ਜੀ ਨੇ ਇਸ ਲੰਮੀ ਤਕਰੀਰ ਪਿਛੋਂ ਅਜ ਦਾ ਦਿਹਾੜਾ ਪੰਜਾਬ ਲਈ ਮੁਬਾਰਕ ਹੋਵੇ ਕਿਹਾ ।

ਗਿਆਨੀ ਜ਼ੈਲ ਸਿੰਘ ਜੀ ਧਾਰਮਿਕ ਅਤੇ ਸਿਆਸੀ ਨੇਤਾ ਦੇ ਤੌਰ ਤੇ ਜਾਣੀ ਪਛਾਣੀ ਇਕ ਸ਼ਖਸੀਅਤ ਸੀ, ਕਿਉਕਿ ਉਹਨਾਂ ਦਾ ਮੁੱਢਲਾ ਜੀਵਨ ਇਕ ਧਾਰਮਿਕ ਲੀਡਰ ਦੇ ਤੌਰ ਤੇ ਆਰੰਭ ਹੋਇਆ ਸੀ । ਉਹ ਕਰਨੀ ਕਥਨੀ ਦੇ ਮਾਲਕ ਸਨ । ਗਿਆਨੀ ਜੀ ਦੀ ਕੋਸ਼ਿਸ਼ ਸਦਕਾ 300 ਸਾਲਾਂ ਵਿਚ 10 ਅਪ੍ਰੈਲ 1973 ਨੂੰ ਪਹਿਲੀਵਾਰ ਪੰਜਾਬ ਵਿਚ ਇਨ੍ਹਾਂ ਸ਼ਾਸਤਰਾਂ ਦੇ ਦਰਸ਼ਨ ਸੰਗਤਾਂ ਨੇ ਕੀਤੇ। ਸ਼ਸਤਰਾਂ ਤੇ ਘੋੜਿਆਂ ਦੇ ਦਰਸ਼ਨਾਂ ਲਈ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਪਹੁੰਚੀਆਂ । ਮਹਾਨ ਯਾਤਰਾ ਆਰੰਭ ਹੋਣ ਤੋ ਪਹਿਲਾ ਉਸ ਵੇਲੇ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ, ਮੰਤਰੀ ਮੰਡਲ ਦੇ ਹੋਰ ਮੰਤਰੀ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਗੁਰਚਰਨ ਸਿੰਘ ਟੌਹੜਾ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਮੋਹਨ ਸਿੰਘ ਤੁੜ ਨੂੰ ਸੰਤ ਸੇਵਾ ਸਿੰਘ ਜੀ ਨੇ ਅਰਦਾਸ ਉਪਰੰਤ ਸਰੋਪੇ ਦਿੱਤੇ। ਕਿਲਾ ਅਨੰਦਪੁਰ ਸਾਹਿਬ ਦੇ ਪ੍ਰਵੇਸ਼ ਦੁਆਰ ਤੋਂ ਬਾਹਰ ਸਥਾਪਤ ਕੀਤੀ ਯਾਦਗਾਰ ਤੋ ਪਰਦਾ ਹਟਾਉਣ ਦੀ ਰਸਮ ਗਿਆਨੀ ਜ਼ੈਲ ਸਿੰਘ ਜੀ ਨੇ ਕੀਤੀ । ਪੰਜਾਂ ਪਿਆਰਿਆਂ ਦੀ ਅਗਵਾਈ ਹੇਠ ਸਿੰਘ ਸਾਹਿਬ ਗੁਰਚਰਨ ਸਿੰਘ ਜੀ, ਸਿੰਘ ਸਾਹਿਬ ਜੋਗਿੰਦਰ ਸਿੰਘ ਜੀ, ਸਿੰਘ ਸਾਹਿਬ ਗੁਰਦਿਆਲ ਸਿੰਘ ਜੀ, ਸਿੰਘ ਸਾਹਿਬ ਜਥੇਦਾਰ ਮੂਲਾ ਸਿੰਘ ਜੀ ਤਰਨਾ ਦਲ ਹਰੀਆਂ ਵੇਲਾ ਵਾਲੇ, ਸਿੰਘ ਸਾਹਿਬ ਜਥੇਦਾਰ ਹਰੀ ਸਿੰਘ ਜੀ ਬੁੱਢਾ ਦਲ

ਨੇ ਗਿਆਨੀ ਜ਼ੈਲ ਸਿੰਘ ਜੀ ਨੂੰ ਤਖਤ ਸਾਹਿਬ ਵਲੋਂ ਪੁਸ਼ਪ ਮਾਲਾ ਭੇਟਾ ਕੀਤੀ । ਇਸ ਸਮਾਗਮ ਵਿਚ ਅਮਰੀਕਨ ਬੀਬੀਆਂ ਅਤੇ ਭਾਈਆਂ ਨੇ ਸ਼ਬਦ ਪੜ੍ਹਿਆ

"ਜੋ ਮਾਗਹਿ ਠਾਕੁਰ ਆਪਨੇ ਤੇ ਸੋਈ ਸੋਈ ਦੇਵੈ "

ਇਹ ਅਮਰੀਕਨ ਬੀਬੀਆਂ ਤੇ ਭਾਈ ਅੰਮ੍ਰਿਤ ਛਕ ਕੇ ਸਿੰਘ ਸਜੇ ਸਨ ਜੋ ਕਿ ਧਾਰਮਿਕ ਯਾਤਰਾ ਵਿਚ ਸ਼ਾਮਲ ਹੋਣ ਲਈ ਉਚੇਚੇ ਤੌਰ ਤੇ ਅਮਰੀਕਾ ਤੋਂ ਆਏ ਸਨ ।

ਗਿਆਨੀ ਜ਼ੈਲ ਸਿੰਘ ਜੀ ਦਾ ਲੋਕਾਂ ਤੇ ਏਨਾਂ ਪ੍ਰਭਾਵ ਸੀ, ਉਹਨਾਂ ਦੀ ਤਕਰੀਰ ਵਿਚ ਇਨ੍ਹੀ ਜਾਨ ਸੀ ਕਿ ਉਸ ਧਾਰਮਿਕ ਯਾਤਰਾ ਵਿਚ ਹਰ ਇਕ ਧਰਮ ਮੁਸਲਿਮ, ਇਸਾਈ, ਬੋਧੀ, ਹਿੰਦੂ, ਜੈਨੀ ਸ਼ਾਮਲ ਹੋਏ । ਗਿਆਨੀ ਜੀ ਨੇ ਲੰਮੀ ਤਕਰੀਰ ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਰਧਾ ਨਾਲ ਸ਼ਰਧਾਂਜਲੀ ਭੇਟ ਕਰਦਿਆਂ ਹੋਇਆ ਉਨ੍ਹਾਂ ਦੀਆਂ ਕੁਰਬਾਨੀਆਂ, ਪਿਆਰ, ਨਿਡੱਰਤਾ, ਬਹਾਦਰੀ ਉਨ੍ਹਾਂ ਦੀ ਇਨਸਾਨੀਅਤ ਨੂੰ ਦੇਣ, ਭਗਤੀ ਮਾਨਵਤਾ, ਬਾਣੀ ਪੜ੍ਹਨਾ ਤੇ ਉਸ ਤੇ ਅਮਲ ਕਰਨ ਦੀਆਂ ਸਿਖਿਆਵਾਂ ਤੇ ਸੰਗਤ ਨੂੰ ਆਪਣੇ ਕਰ ਕਮਲਾ ਨਾਲ ਚਲ ਕੇ ਗੁਰੂ ਸਾਹਿਬ ਦੀਆਂ ਸਿਖਿਆਵਾਂ ਤੇ ਚਲਣ ਲਈ ਜ਼ੋਰ ਦੇ ਕੇ ਕਿਹਾ । ਸੰਤ ਮਹਾਪੁਰਸ਼ਾਂ ਨੇ ਵੀ ਇਸ ਧਾਰਮਿਕ ਯਾਤਰਾ ਵਿਚ ਹਿੱਸਾ ਲਿਆ ਅਤੇ ਹਰੇਕ ਪੜ੍ਹਾਅ ਤੇ ਸੰਗਤਾਂ ਨੂੰ ਗੁਰੂ ਸਾਹਿਬ ਦੀਆਂ ਸਿਖਿਆਵਾਂ ਤੇ ਚਲਣ ਲਈ ਕਿਹਾ । ਗਿਆਨੀ ਜੀ ਨੇ ਆਪਣੀ ਰੇਖ ਦੇਖ ਹੇਠ ਇਹ ਧਾਰਮਿਕ ਯਾਤਰਾ ਸ਼ੁਰੂ ਹੋਣ ਵੇਲੇ ਦੋ ਹਾਥੀ ਸ਼ਿੰਗਾਰੇ ਹੋਏ ਸਨ । ਉਨ੍ਹਾਂ ਉੱਤੇ ਦੋ ਰਣਜੀਤ ਨਗਾਰੇ ਸਸ਼ੋਭਿਤ ਸਨ । ਜਦੋਂ ਰਣਜੀਤ ਨਗਾਰਿਆਂ ਤੇ ਚੋਟ ਲਗੀ ਤਾਂ ਹਾਥੀਆਂ ਨੇ ਪਹਿਲਾ ਕਦਮ ਪੁਟਿਆ । ਸਿੱਖ ਰੈਜਮੇਂਟ ਨੇ 21 ਤੋਪਾਂ ਨਾਲ ਸਲਾਮੀ ਦਿੱਤੀ । ਪੁਲਿਸ ਦਾ ਬੈਂਡ, ਘੋੜ ਸਵਾਰ, ਹਾਥੀ ਸਵਾਰ, ਤਿੰਨ ਹਜ਼ੋਰ ਕਾਰਾਂ, 250 ਬੱਸਾ, ਸੈਂਕੜੇ ਟਰੱਕ, ਸੌ ਤੋਂ ਵੱਧ ਸਕੂਟਰ ਮੋਟਰ ਸਾਇਕਲ ਅਤੇ 200 ਟਰੈਕਟਰ ਟਰਾਲੀਆਂ ਦਾ ਇਹ ਨਗਰ ਕੀਰਤਨ ਲਗਭਗ 21 ਕਿਲੋਮੀਟਰ ਲੰਬਾ ਸੀ । ਜਿਸ ਨੂੰ ਹਰ ਇਕ ਸਹੂਲਤ ਮੁਹੱਈਆਂ ਕੀਤੀ ਗਈ । ਕੋਈ ਵੀ ਯਾਤਰੀ ਪੈਦਲ ਨਹੀ ਸੀ । ਸੰਗਤਾਂ ਲਈ ਥਾਂ ਥਾਂ ਤੇ ਲੰਗਰ ਲੱਗੇ ਹੋਏ ਸਨ ।

ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ ਪੰਜਾਬ ਨੂੰ ਥਾਂ ਥਾਂ ਤੇ ਸਰੋਪਿਆ

ਨਾਲ ਨਵਾਜਿਆ ਗਿਆ । ਇਸ ਧਾਰਮਿਕ ਯਾਤਰਾ ਵਿਚ ਪ੍ਰਸਿੱਧ ਰਾਗੀ ਤੇ ਢਾਡੀ ਜਥੇ ਪੁੱਜੇ ।ਉਹਨਾਂ ਨੇ ਗੁਰੂ ਸਾਹਿਬ ਦੀ ਜੀਵਨੀ ਤੇ ਚਾਨਣਾ ਪਾਇਆ ।ਗੁਰਦੁਆਰਾ ਲੱਖੀ ਜੰਗਲ ਵਿਚ ਨਿਹੰਗ ਸਿੰਘਾਂ ਵਲੋਂ ਗਿਆਨੀ ਜੀ ਨੂੰ ਵਿਸ਼ੇਸ਼ ਤੌਰ ਤੇ ਸਰੋਪਾ ਭੇਟ ਕੀਤਾ ਗਿਆ । ਤਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ, ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਸ. ਗੁਰਚਰਨ ਸਿੰਘ ਟੌਹੜਾ ਤੇ ਹੋਰ ਧਾਰਮਿਕ ਆਗੂਆਂ ਨੇ ਗਿਆਨੀ ਜੀ ਨੂੰ ਸਰੋਪੇ ਭੇਟਾ ਕੀਤੇ । ਦਮਦਮਾ ਸਾਹਿਬ ਤਲਵੰਡੀ ਸਾਬੋ ਦੀ ਸੰਗਤਾਂ ਦਾ ਇਕ ਵੱਡਾ ਠਾਠਾਂ ਮਾਰਦਾ ਸਮੁੰਦਰ, ਗਿਆਨੀ ਜੀ ਨੂੰ ਸਿਰੋਪਾ ਦੇਣ ਦੀ ਰਸਮ ਵੇਲੇ ਜੈਕਾਰੇ ਲਗਾ ਰਿਹਾ ਸੀ, ਜਿਸ ਦੀ ਗੂੰਜ ਦੂਰ ਦੂਰ ਤਕ ਸੁਣਾਈ ਦੇ ਰਹੀ ਸੀ । ਇਸ ਮਹਾਨ ਯਾਤਰਾ ਦੀ ਵਿਸ਼ੇਸ਼ ਗਲ ਇਹ ਹੈ, ਕਿ ਧਾਰਮਿਕ ਜਲੂਸ ਵਿਚ ਸ਼ਾਮਲ ਲੋਕਾਂ ਨੇ ਅਤੇ ਸ. ਗੁਰਚਰਨ ਸਿੰਘ ਟੌਹੜਾ ਨੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਜੀ ਨੂੰ ਮਹਾਨ ਯਾਤਰਾ ਦੀ ਸਫਲਤਾ ਲਈ ਸਰੋਪਾ ਦਿੱਤਾ ।ਅਕਾਲੀ ਫੂਲਾ ਸਿੰਘ ਦੀ ਬੰਸ ਦੇ ਜਥੇਦਾਰ ਸੰਤ ਸਿੰਘ ਨੇ ਗਿਆਨੀ ਜੀ ਨੂੰ ਸ੍ਰੀ ਸਾਹਿਬ, ਸੋਨੇ ਦਾ ਮੈਡਲ ਤੇ ਸਰੋਪਾ ਭੇਟਾ ਕੀਤਾ ਅਤੇ ਮਹਾਨ ਸਿੰਘ ਦੀ ਪਦਵੀਂ ਬਖਸ਼ੀ ਜੋ ਕਿ ਅੱਜ ਤੱਕ ਕਿਸੇ ਸਿਆਸੀ ਨੇਤਾ ਨੂੰ ਇਹ ਪਦਵੀ ਨਹੀ ਮਿਲੀ ।

ਗਿਆਨੀ ਜੀ ਨੇ ਇਸ ਮਹਾਨ ਯਾਤਰਾ ਦੀ ਸਫਲਤਾ ਲਈ ਆਪਣੇ ਭਾਸ਼ਨ ਵਿਚ ਸਹਿਯੋਗੀ ਅਤੇ ਵਿਰੋਧੀ ਪਾਰਟੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਵੱਡੇ ਇਕੱਠ ਨੂੰ ਵੇਖ ਕੇ ਕਿਹਾ ਕਿ ਇਨ੍ਹੀ ਵੱਡੀ ਬਣੀ ਹੋਈ ਏਕਤਾ ਨੂੰ .ਕਾਇਮ ਰਖਿਆ ਜਾਵੇ ।ਗਿਆਨੀ ਜੀ ਨੇ ਗੁਰੂ ਗੋਬਿੰਦ ਸਿੰਘ ਮਾਰਗ ਨੂੰ ਪੰਜਵਾ ਰਾਸ਼ਟਰੀ ਸ਼ਾਹਕਾਰ ਕਰਾਰ ਦਿੱਤਾ । ਦਮਦਮਾ ਸਾਹਿਬ ਦੇ ਵਿਕਾਸ ਲਈ 35 ਲੱਖ ਰੁਪਏ ਦੀ ਰਾਸ਼ੀ ਵੀ ਦਿੱਤੀ ਗਈ । ਗਿਆਨੀ ਜੀ ਨੇ ਗੁਰੂ ਗੋਬਿੰਦ ਸਿੰਘ ਮਾਰਗ ਦੇ ਮੁਕੰਮਲ ਹੋਣ ਤੇ ਪੰਜਾਬ ਦੀ ਜਨਤਾ ਨੂੰ ਵਧਾਈ ਦਿੱਤੀ ।ਗਿਆਨੀ ਜੀ ਨੇ ਕਿਹਾ ਕਿ ਮੈ ਮਸ਼ਕੂਰ ਹਾਂ ਇਸ ਸੰਗਤ ਦਾ, ਜਿਸ ਨੇ ਇਹ ਚੁੱਕੇ ਹੋਏ ਕਦਮ ਨੂੰ ਉਤਸ਼ਾਹ ਨਾਲ ਨੇਪਰੇ ਚੜ੍ਹਾਇਆ ਹੈ ਅਤੇ ਮੈਂ ਆਸ ਕਰਦਾ ਹਾਂ ਕਿ ਪੰਜਾਬ ਦੇ ਲੋਕ ਗੁਰੂ ਜੀ ਦੇ ਪੂਰਨਿਆਂ ਤੇ ਹਮੇਸ਼ਆ ਚਲਦੇ ਰਹਿਣਗੇ ।

ਕੁਝ ਯਾਦਾਂ ਗਿਆਨੀ ਜ਼ੈਲ ਸਿੰਘ ਜੀ

ਸੰਤ ਪ੍ਰੇਮ ਸਿੰਘ
ਸਰਪ੍ਰਸਤ ਰਾਮਗੜੀਆ ਸਭਾ, ਕਰਨਾਲ

ਗਿ.ਜ਼ੈਲ ਸਿੰਘ ਜੀ ਜਿਥੇ ਮਹਾਨ ਰਾਜਨੀਤਕ ਸਨ, ਜਿਸ ਸਦਕਾ ਇਤਨੀ ਉੱਚੀ ਪਦਵੀ ਹਾਸਲ ਕੀਤੀ, ਉਥੇ ਧਰਮ ਕਰਮ ਵਿਚ ਵੀ ਪੂਰੇ ਨਿਸਚੇਵਾਨ ਸਨ, ਮੁੱਖ ਮੰਤਰੀ ਬਣਦਿਆਂ ਪਹਿਲਾਂ ਹਰਿਮੰਦਰ ਸਾਹਿਬ ਨਮਸ਼ਕਾਰ ਕਰਨ ਗਏ । ਗ੍ਰਿਹ ਮੰਤਰੀ ਬਣੇ ਪਹਿਲਾਂ ਅਨੰਦਪੁਰ ਸਾਹਿਬ ਜਾ ਕੇ ਸਤਿਗੁਰ ਦੀ ਚਰਨ ਧੂੜ ਤੇ ਅਸ਼ੀਰਵਾਦ ਪ੍ਰਾਪਤ ਕੀਤੀ ।ਸਦਾ ਗੁਰੂ ਨਾਨਕ ਨਾਲ ਜੁੜੇ ਰਹੇ, ਨਿਤਨੇਮ ਚ ਪੱਕੇ ਰਹੇ, ਧਾਰਮਕ ਕੰਮਾਂ ਵਿਚ ਰੁੱਚੀ ਰੱਖੀ । ਅਮ੍ਰਿਤ ਸਰੋਵਰ ਦੀ ਕਾਰ ਸੇਵਾ, ਗੋਬਿੰਦ ਮਾਰਗ, ਅਨੰਦਪੁਰ ਸਾਹਿਬ ਨੂੰ ਸੁੰਦਰ ਬਨਾਉਣਾ, ਪੰਜਾਬ ਦੀ ਉਣਤੀ ਤੇ ਹੋਰ ਕਈ ਮਹਾਨ ਕਾਰਜ ਕੀਤੇ, ਜਿਹਨਾਂ ਦਾ ਵਰਨਣ ਬਹੁਤ ਲੰਮੇਰਾ ਹੈ ।

ਅਕਸਰ ਗਿਆਨੀ ਜੀ ਕਰਨਾਲ ਅਪਣੇ ਸਜਣਾਂ ਮਿਤਰਾਂ ਨੂੰ ਮਿਲਣ ਆਉਂਦੇ, ਦਰਸ਼ਨ ਹੁੰਦੇ ਰਹੇ, ਫਿਰ ਜਦ ਗ੍ਰਿਹ ਮੰਤਰੀ ਬਣੇ, ਗੁਰੂ ਨਾਨਕ ਖਾਲਸਾ ਕਾਲਜ ਕਰਨਾਲ, ਦੇ ਇਕ ਮਹਾਨ ਇਨਾਮ ਵੰਡ ਸਮਾਗਮ ਤੇ ਦਾਸਾਂ ਨੇ ਗਿ. ਜੀ ਨੂੰ ਦਰਸ਼ਨ ਦੇਣ ਲਈ ਬੇਨਤੀ ਕੀਤੀ । ਇਥੇ ਅਪਨੇ ਮੁਖੀ ਸਾਥੀਆਂ ਸਮੇਤ ਦਰਸ਼ਨ ਦਿਤੇ, ਅਤੇ ਵਿਦਿਆਰਥੀਆਂ ਨੂੰ ਬੇਸਟ ਸਕਾਲਰ ਹੋਣ ਦੇ ਮੈਡਲ ਤਕਸੀਮ ਕੀਤੇ ।ਆਪ ਜੀ ਦਾ ਬਹੁਤ ਸਨਮਾਨ ਕੀਤਾ ਗਿਆ । ਰਾਮਗੜ੍ਹੀਆ ਸਭਾ ਕਰਨਾਲ ਵਲੋਂ ਗਿ. ਜੀ ਨੂੰ ਸਿਰੋਪਾਓ, ਸ੍ਰੀ ਸਾਹਿਬ, ਮੋਮੈਂਟੋਂ ਭੇਂਟ ਕੀਤਾ ਗਿਆ । ਗਿ. ਜੀ ਨੇ ਧਨੰਵਾਦ ਕੀਤਾ ਤੇ ਆਪਣੇ ਭਾਸ਼ਨ ਵਿਚ ਕਾਲਜ ਦੀ ਉਨਤੀ ਲਈ ਸੁਝਾਓ ਤੇ ਵਿਦਿਆਰਥੀਆਂ ਨੂੰ ਅਪਨਾ ਆਚਰਨ ਉੱਚਾ ਸੁੱਚਾ ਰੱਖਣ ਦੀ ਪ੍ਰੇਰਨਾ ਦਿੱਤੀ ।

ਗਿ. ਜੀ ਰਾਸ਼ਟਰਪਤੀ ਬਣੇ, ਰਾਮਗੜ੍ਹੀਆ ਸਭਾ ਕਰਨਾਲ ਦੇ ਸਾਰੇ ਮੈਂਬਰ ਰਾਸ਼ਟਰਪਤੀ ਭਵਨ ਗਿ. ਜੀ ਨੂੰ ਵਧਾਈ ਦੇਣ ਗਏ ਤਾਂ ਆਪ ਮੈਂਬਰਾਂ ਨੂੰ ਬੜੇ ਪ੍ਰੇਮ ਨਾਲ ਮਿਲੇ ਅਜੇ ਤੱਕ ਉਹ ਸੁਹਾਵਣਾ ਦ੍ਰਿਸ਼ ਯਾਦ ਆਉਂਦਾ ਹੈ ਤਾਂ ਮਨ ਖਿੜ ਜਾਂਦਾ ਹੈ ।

ਫਿਰ 7 ਜੁਲਾਈ 1983 ਨੂੰ ਸੰਜੀਵ ਹਸਪਤਾਲ ਦਾ ਉਦਘਾਟਨ ਕਰਨ ਵਾਸਤੇ ਕਰਨਾਲ ਆਏ, ਸਾਰੇ ਵੀਰ ਫਿਰ ਮਿਲੇ ਸੁਆਗਤ ਕੀਤਾ, ਤੇ ਰਾਮਗੜ੍ਹੀਆ ਭਵਨ ਵਿਚ ਚਰਨ ਪਾਣ ਲਈ ਬੇਨਤੀ ਕੀਤੀ ।

ਨਿਰਸੰਦੇਹ ਗਿ. ਜੀ ਦੇ ਕਿਰਦਾਰ ਨੇ ਸਾਰੇ ਸੰਸਾਰ ਵਿਚ ਰਾਮਗੜ੍ਹੀਆਂ ਦਾ ਸਿਰ ਉੱਚਾ ਕੀਤਾ ਹੈ ।ਬੇਸ਼ਕ ਸਾਡੇ ਪ੍ਰਚਾਰ ਮੀਡੀਆ ਨੇ ਗਿ. ਜੀ ਨੂੰ ਕਿਸਾਨ (ਜੱਟ) ਦਾ ਪੁੱਤਰ ਪ੍ਰਗਟ ਕਰਨ ਦਾ ਯਤਨ ਕੀਤਾ ਹੈ ।ਪਰ ਗਿ. ਜੀ ਰਾਮਗੜੀਏ ਦੇ ਮਹਾਨ ਸਪੂਤ ਸਨ, ਜਿਸ ਤੇ ਰਾਮਗੜ੍ਹੀਆ ਨੂੰ ਬਹੁਤ ਬਹੁਤ ਫਖਰ ਹੈ ।






ਇਹ ਤਸਵੀਰ ਉਸ ਸਮੇਂ ਦੀ ਹੈ ਜਦੋਂ ਗਿਆਨੀ ਜ਼ੈਲ ਸਿੰਘ ਅੰਮ੍ਰਿਤ ਛਕਨ ਪਿਛੋਂ ਰਾਜਸੀ ਰਣ-ਭੂਮੀ ਵਿਚ ਕੁੱਦੇ । (ਖਬੇ) ਗਿਆਨੀ ਜ਼ੈਲ ਸਿੰਘ (ਸਜੇ) ਉਹਨਾਂ ਦੇ ਪੁਰਾਣੇ ਸਾਥੀ ਸ: ਗੁਰਬਖਸ਼ ਚਾਹਲ ।



ਇਹ ਤਸਵੀਹ ਉਸ ਚਕੀ ਦੀ ਹੈ ਜੋ ਉਹ ਚਲਾਇਆ ਕਰਦੇ ਸਨ ਜਦੋਂ ਉਹ ਬੋਰਸਟਲ ਜੇਲ੍ਹ ਫਰੀਦਕੋਟ ਵਿਚ 5 ਸਾਲ ਦੀ ਕੈਦ ਕਟ ਰਹੇ ਸਨ !



ਉਸ ਕਾਲ ਕੋਠੜੀ ਦਾ ਨਜ਼ਾਰਾ ਜਿਥੇ ਗਿਆਨੀ ਚੇਲ ਸਿੰਘ ਜੀ ਨੂੰ ਰਾਜੇ ਦੇ ਅਤਾਬ ਦਾ ਸ਼ਿਕਾਰ ਹੋਕੇ ਪੰਜ ਸਾਲ ਕੈਦ ਬਾਮੁਸ਼ਕਤ ਕਟਣੀ ਪਈ।



ਜੇਲ ਕੋਠੜੀ ਵਿਚ ਉਹ 2 ਘੜੇ ਨਜ਼ਰ ਆਉਂਦੇ ਹਨ ਜਿਨ੍ਹਾਂ 'ਚ ਗਿਆਨੀ ਜੀ ਦੇ ਪੀਣ ਲਈ ਪਾਣੀ ਰਖਿਆ ਜਾਂਦਾ ਸੀ।

ਜਗਤ ਸਰਾਂ ਮੁਸਾਫਰਾਂ ਦੀ

ਭਾਰਤ ਦੇ ਸਾਬਕਾ ਰਾਸ਼ਟ੍ਰਪਤੀ ਗਿਆਨੀ ਜ਼ੈਲ ਸਿੰਘ, ਜੋ ਕਿ ਇਕ ਸੂਝਵਾਨ, ਨੀਤੀਵਾਨ ਅਤੇ ਦਰਵੇਸ਼ ਸਿਆਸਤਦਾਨ ਸਨ, ਜੀ ਦੇ ਅਕਾਲ ਚਲਾਣੇ ਦੀ ਦੁਖਦਾਈ ਖਬਰ ਤੋਂ ਪ੍ਰਭਾਵਤ ਹੋਕੇ, ਕਵੀ ਮਨ ਦੀ ਕਲਪਨਾ ਦੇ ਰੂਪ ਵਿਚ ਕੁਛ ਸ਼ਿਅਰ ਹੇਠਾਂ ਦਰਜ ਕਰ ਰਿਹਾ ਹਾਂ ਰਾਮਗੜ੍ਹੀਆ ਮੰਚ ਦੇ ਕਾਲਮਾਂ ਲਈ
-ਤਾਂਘੀ



ਮਨਾਂ ਮਾਣ ਨਾ ਕਰ ਇਸ ਜ਼ਿੰਦਗੀ ਦਾ,
ਬੜੇ ਬੜੇ ਏਥੋਂ ਆਕੜਖਾਨ ਤੁਰ ਗਏ ।

ਹਾਤਮਤਾਈ, ਨੌਸ਼ੇਰਵਾਂ, ਬਿਕ੍ਰਮਾਜੀਤ,
ਅਰਜਨ, ਭੀਮ, ਬਾਲੀ, ਹਨੂੰਮਾਨ ਤੁਰ ਗਏ ।

ਮਾਣ, ਤਾਣ, ਬਲ, ਗਰਬ-ਗੁਮਾਨ ਵਾਲੇ,
ਰਾਜੇ, ਮਹਾਰਾਜੇ, ਹੁਕਮਰਾਨ ਤੁਰ ਗਏ ।

ਪਰਮਬੀਰ, ਧਰਮਾਤਮਾ, ਧਰੀ-ਪੂਰਨ,
ਜਨਕ, ਭਰਥਰੀ, ਕ੍ਰਿਸ਼ਨ ਭਗਵਾਨ ਤੁਰ ਗਏ ।

ਜਾਨੀ ਜਾਨ ਅਟਕੋਣ ਦੇ ਜਤਨ ਕਰ ਕਰ,
ਲੁਕਮਾਂ ਮੌਤ ਦਾ ਬਣ 'ਲੁਕਮਾਨ' ਤੁਰ ਗਏ ।

"ਤਾਂਘੀ" ਜਗਤ ਸਰਾਂ ਮੁਸਾਫਰਾਂ ਦੀ,
ਕੱਲ੍ਹ, ਆਏਂ ਜੋ, ਅੱਜ ਮਹਿਮਾਨ ਤੁਰ ਗਏ ।

-ਨਿਰੰਜਨ ਸਿੰਘ ਤਾਂਘੀ

ਸ਼ਰਧਾਂਜਲੀ ਸ਼ਬਦ :-

ਭਾਰਤ ਦੇ ਸਮਦਰਸ਼ੀ

-ਜਸਵੰਤ ਸਿੰਘ 'ਜੱਸ'

ਰੁਬਾਈ :-ਫੁੱਲ-ਗੁਲਾਬ ਤੂੰ ਲਾ ਛਾਤੀ ਤੇ, ਰਿਹਾ ਹਸਦਾ ਜ਼ੈਲ-ਪਿਆਰੇ ।
ਅੱਜ ਨਾ ਕੋਈ ਮਹਿਫਲ ਸੋਹੇ, ਤੇ ਨਾ ਜਰਨੈਲ ਨਿਆਰੇ ।
ਹਰ ਥਾਂ ਤੇ ਗੁਟਬੰਦੀ ਤਕੀਏ, ਲੀਡਰ ਦੇਣ ਕਿਉਂ ਧੋਖੇ ?
ਜਨਤਾ ਦੇ ਦਿਲ 'ਜੱਸ' ਨਾ ਕਰਦੇ, ਨਿਤ ਕੱਢਣ ਲਾਲ ਅੰਗਾਰੇ ।

1. ਗਿਆਨ ਧਿਆਨ ਕਿਛ ਕਰਮ ਨਾ ਜਾਣੇ, ਉਹ ਬੰਦਾ ਸੀ ਤੇਰਾ ।
ਜੇ ਤੂੰ ਬਣਿਆ ਗਿਆਨ ਦਾ ਸੂਰਜ, ਤੇ ਉਹ ਚੰਦਾ ਸੀ ਤੇਰਾ ।
ਸ਼ੇਰ ਦੇ ਵਾਂਗੂ ਗਰਜ ਗਿਆ ਜੋ, ਅੰਗ੍ਰੇਜ਼ੀ ਰਾਜ ਦੇ ਅੰਦਰ,
ਝੰਡੇ ਫਾੜ ਬਦੇਸ਼ੀ, ਜੇਹਲ ਭਰੇ, ਇਹ ਧੰਦਾ ਸੀ ਤੇਰਾ ।

2. ਦੇਸ਼ ਭਗਤ ਤੂੰ ਧਰਮੀ ਕਰਮੀ, ਤੇਰੀਆਂ ਬੇ-ਪਰਵਾਹੀਆਂ ।
ਲੱਛਮੀ ਦੌੜੇ ਹਿਮਤ ਅਗੇ, ਕਈ ਪਦਵੀਆਂ ਪਾਈਆਂ ।
ਇਕ ਸੱਚੇ ਸੁੱਚੇ ਕਿਰਤੀ ਨੇ, ਪੰਜਾਬ ਦਾ ਪਾਣੀ ਪੀਕੇ ।
ਲੈ ਅਜ਼ਾਦੀ ਖਾਤਰ, ਜੰਗਜੂਜ਼ੋ ਕਰਦਾ ਰਿਹਾ ਚੜ੍ਹਾਈਆਂ ।

3. ਜਿਸ ਧਰਤੀ ਤੇ ਜਾਵੇ ਗਿਆਨੀ, ਪਬਲਿਕ ਦੇ ਦਿਲਜਿਤੇ ।
ਕਿਸ਼ਨ ਸਿੰਘ ਦੇ ਦੂਲੇ ਸ਼ੇਰਾ, ਰਹਿ ਸਿੱਖੀ ਵਿਚ ਕੰਮ ਕੀਤੇ ।
ਰਾਮਗੜ੍ਹੀਆ ਤੂੰ ਕੌਮੀ ਸੂਰਜ, ਹਰ ਥਾਂ ਤੇ ਮੱਲਾਂ ਮਾਰੇ,
ਇੰਦਰਾ ਸੰਗ, ਰਾਜਨੀਤੀ ਅੰਦਰ, ਤੇਰੇ ਪਲ ਪਲ ਬੀਤੇ ।

4. ਗਰੀਬਾਂ ਦਾ ਤੂੰ ਬਣੇ, ਮਸੀਹਾ, ਕੁੱਝ ਨਾ ਰਖਿਆ ਪੱਲੇ ।
ਜਦੋਂ ਸਿਆਸੀ ਸਿਖਿਆ ਲੈਕੇ, ਤੇਰੇ ਘਰ ਤੋਂ ਹੋ ਚੱਲੇ ।
ਰਣ ਖੇਤਰ ਵਿਚ ਜੂਝ ਜੂਝ, ਵੋਟਾਂ ਤੋ ਬਣਦੇ ਲੀਡਰ,
ਦੇਸ਼ ਸੇਵਾ ਤੋ ਜੋੜਕੇ ਮਾਇਆ, ਭਰ ਲੈਂਦੇ ਉਮਰ ਦੇ ਗੱਲੇ ।

5. ਤੂੰ ਸੈ ਪ੍ਰੀਤ ਦਾ ਭੁੱਖਾਂ ਫੱਕਰ, ਵੰਡਦਾ ਰਿਹਾ ਮੁਸਕਾਨਾਂ ।
ਦੇਸ਼ ਬਦੇਸ਼ਾਂ ਦੇ ਵਿਚ ਚਰਚਾ, ਤੂੰ ਲੀਡਰ ਮਸਤਾਨਾ ।
ਜੋ ਵੀ ਚਲਕੇ ਦਰ ਤੇ ਆਇਆ, ਰਾਜ ਕੀਤਾ ਉਸ ਦਿਲ ਤੇ,
ਉਹ ਤੀਰ ਕਮਾਨੋਂ ਛੱਡੇ ਜੋ, ਨਾ ਖਾਲੀ ਜਾਇ ਨਿਸ਼ਾਨਾ ।

6. ਐਸੀ ਮਿਲੇ ਮਿਸਾਲ ਕਿਤੇ ਨਾ, ਹਰ ਦਿਲ ਤੇ ਰਾਜ ਕਮਾਇਆ ।
ਮਹਾਰਾਜੇ ਰਣਜੀਤ ਦੇ ਪਿਛੋਂ, ਤੂੰ ਭਾਰਤ ਨੂੰ ਚਮਕਾਇਆ ।
ਸਰਦਾਰੀ ਵਿਚ ਸਰ ਉਚਾ ਕਰਕੇ, ਜੋ ਕਰ ਗਿਆ ਹੱਦਾਂ ਪਾਰ,
ਅੰਤਮ ਸਰਕਾਰੀ ਮਾਣ ਦੇ ਅੰਦਰ, ਏਕਤਾ ਸੱਥਲ ਬਣਾਇਆ ।


7. ਕਿਹੜੇ ਕਿਹੜੇ ਕੰਮ ਗਿਣਾਵਾਂ, ਤੂੰ ਸੇਵਕ ਬਣੇ ਆਦਰਸ਼ੀ ।
ਗੁਲਾਮੀ ਝੱਲ ਅਜ਼ਾਦੀ ਤੱਕੀ, ਸੂਰਤ ਵੀ ਹੋਈ ਆਕਾਸ਼ੀ ।
'ਜੱਸ' ਗਾਉਂਦੇ ਹਰ ਵਰਗ ਦੇ ਵਿਚੋ, ਤੇਰੇ ਪ੍ਰੇਮ ਦੀਵਾਨੇ,
ਅਮਰ ਗਿਆਨੀ ਹੋ ਗਏ ਲੋਕੋ ! ਭਾਰਤ ਦੇ ਸਮਦਰਸ਼ੀ ।
ਗਿਆਨ ਧਿਆਨ ਕਿਛ ਕਰਮ ਨਾ ਜਾਣੇ............

HIRA DIESEL PARTS
(REGD.)



MFRS. OF:
DIESEL ENGINE PARTS

SPECIALISTS IN:
EXPORT QUALITY VALVE CUPS PETTER
LISTER & KIRLOSKAR TYPE ENGINE



PHONE: 814411


**BICHITTAR NAGAR, ST. NO. 2, NEAR
GURU NANAK ENGG. COLLEGE,**
LUDHIANA-141006

PHONE: 230551

G. P. INDUSTRIES
ENGINEER & MANUFACTURERS


SPECIALISTS IN :
**DOG CHUCKS, DRILL CHUCKS &
TRUE CHUCKS**

**G
P
I**



2721, SULTANWIND, ROAD,
AMRITSAR

ESTD.: 1973
COSY BRAND PRECISION SURFACE
GRINDER MACHINE SPECIAL OIL
TYPE ACCURACY IN MICRON.



SARTAJ
ENGINEERING WORKS
GURU ARJAN DEV NAGAR, TARN
TARAN ROAD, AMRITSAR-143001
PH. (O) 44419, (R) 42991

PHONE: 20689

REHAL
FURNITURE HOUSE

HOUSE FOR

QUALITY WOODEN FURNITURE

CHANDIGARH ROAD,
(NEAR DSP OFFICE)
NAWANSHAHR
PROP. TARSEM SINGH REHAL

ਕਨੇਡਾ ਵਿਖੇ ਗਿਆਨੀ ਜ਼ੈਲ ਸਿੰਘ ਜੀ ਨਮਿਤ ਅਖੰਡ ਪਾਠ

ਸਾਡੇ ਵਿਸ਼ੇਸ਼ ਸ਼ੁਭਚਿੰਤਕ ਅਤੇ ਰਾਮਗੜੀਆ ਮੰਚ ਪ੍ਵਾਰ ਦੇ ਸਤਿਕਾਰਤ ਸਜਣ, ਸ੍ ਸੇਵਾ ਸਿੰਘ ਸਾਹੜਾ ਨੇ ਵੈਨਕੂਵਰ ਕਨੇਡਾ ਤੋਂ ਸੂਚਿਤ ਕੀਤਾ ਹੈ, ਕਿ ਕਨੇਡੀਅਨ ਰਾਮਗੜੀਆ ਸੋਸਾਇਟੀ 15.1.95 ਨੂੰ ਸਵਰਗਵਾਸੀ ਗਿਆਨੀ ਜ਼ੈਲ ਸਿੰਘ ਜੀ ਅਕਾਲ ਚਲਾਣੇ ਤੇ ਰਾਮਗੜੀਆ ਬ੍ਰਾਦਰੀ ਵਲੋਂ, ਉਨਾਂ ਦੀ ਆਤਮਿਕ ਸ਼ਾਤੀ ਅਤੇ ਪ੍ਵਾਰ ਨਾਲ ਦੁਖ ਸਾਂਝਾ ਕਰਨ ਲਈ ਅਖੰਡ ਪਾਠ ਦਾ ਭੋਗ ਪਾਇਆ ਗਿਆ, ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿੰਚ ਰਾਮਗੜ੍ਹੀਆ ਵਿਸ਼ਵਕਰਮਾ ਬੰਸੀਆਂ ਨੇ ਭਾਗ ਲਿਆ। ਬੁਲਾਰਿਆਂ ਨੇ ਗਿਆਨੀ ਜੀ ਦੇ ਜੀਵਨ ਅਤੇ ਉਨਾਂ ਦੀਆਂ ਪ੍ਰਾਪਤੀਆਂ ਦਾ ਵਿਸਥਾਰ ਸਹਿਤ ਵੇਰਵਾ ਦਿੱਤਾ ਅਤੇ ਉਨ੍ਹਾਂ ਦੇ ਅਕਾਲ ਚਲਾਣੇ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ। ਉਨਾਂ ਕਿਹਾ ਕਿ ਭਾਈ ਲਾਲੋ ਜੀ ਅਤੇ ਮਹਾਰਾਜਾ ਜੱਸਾ ਸਿੰਘ ਰਾਮਗੜੀਆ ਮਗਰੋਂ, ਗਿਆਨੀ ਜ਼ੈਲ ਸਿੰਘ ਜੀ ਕੌਮ ਦੇ ਹੀ ਨਹੀਂ, ਸਗੋਂ ਪੂਰੇ ਸੰਸਾਰ ਮੰਡਲ ਦੇ ਧਰੁਵ ਤਾਰਾ ਸਨ। ਰਾਮਗੜ੍ਹੀਆ ਬਰਾਦਰੀ ਅਤੇ ਭਾਰਤ ਇਸ ਤੇ ਜਿਨਾਂ ਵੀ ਮਾਣ ਕਰੇ ਥੋੜਾ ਹੈ। ਕਥਾ, ਕੀਰਤਨ ਅਤੇ ਅਰਦਾਸ ਉਪ੍ਰੰਤ ਗੁਰੂ ਜੀ ਦਾ ਅਟੁਟ ਲੰਗਰ ਵਰਤਾਇਆ ਗਿਆ।

ਸ੍ ਗੁਰਬਖਸ਼ ਸਿੰਘ ਉਭੀ ਜੋ ਇਸ ਸਭਾ ਦੇ ਜਨਰਲ ਸਕੱਤਰ ਹਨ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ "ਗਿਆਨੀ ਜੀ ਦਾ ਗੁਰਬਾਣੀ ਨਾਲ ਅਥਾਹ ਪ੍ਰੇਮ ਸੀ, ਜੋ ਉਨਾਂ ਨੂੰ ਆਪਣੇ ਪਿਤਾ ਸ੍ ਕਿਸ਼ਨ ਸਿੰਘ ਪਾਸੋਂ ਵਿਰਸੇ ਵਿੱਚ ਮਿਲਿਆ। ਰਾਸ਼ਟ੍ਰਪਤੀ ਬਣਨ ਤੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਖੁਦ ਰਾਸ਼ਟ੍ਰਪਤੀ ਭਵਨ ਲੈ ਕੇ ਗਏ। ਸ੍ ਕਾਬਲ ਸਿੰਘ ਬਿਰਦੀ ਜੋ ਜ਼ਿਲਾਂ ਜਲੰਧਰ ਆਦਮਪੁਰ ਦੇ ਜੰਮਪਲ ਹਨ ਨੇ ਵੀ ਸੰਗਤ ਨੂੰ ਸੰਬੋਧਨ ਕੀਤਾ। ਉਨਾਂ ਕਿਹਾਂ ਕਿ ਗਿਆਨੀ ਜੀ ਬੰਹੁਤ ਹੀ ਮਿਠਬੋਲੜੇ ਅਤੇ ਹਰ ਆਏ ਲੋੜਵੰਦ ਦੀ ਲੋੜ ਪੂਰੀ ਕਰਣ ਵਿਚ ਖੁਸ਼ੀ ਮਹਿਸੂਸ ਕਰਦੇ ਸਨ। ਉਨ੍ਹਾਂ ਨੇ ਇਹ ਵੀ ਦਸਿਆ ਕਿ ਉਨਾਂ ਦੇ ਕਹਿਣ ਤੇ ਗਿਆਨੀ ਜੀ ਨੇ ਰਾਮਗੜੀਆ ਗਰਲਜ਼ ਕਾਲਜ ਆਦਮਪੁਰ ਦੀ ਮਨਜ਼ੂਰੀ ਦਿੱਤੀ, ਜੋ ਅੱਜ ਤਕ ਬੜੀ ਸਫਲਤਾ ਨਾਲ ਚਲ ਰਿਹਾ ਹੈ।

ਸ੍ ਸੇਵਾ ਸਿੰਘ ਬਾਹੜਾ ਨੇ ਗਿਆਨੀ ਜੀ ਨੂੰ ਸ਼ਰਧਾ ਦੇ ਫਲ ਅਰਪਿਤ ਕਰਦੇ ਹੋਏ ਦੱਸਿਆ, "ਗਿਆਨੀ ਜੀ ਦਾ ਜਨਮ ਪਿੰਡ ਸਿਧਵਾਂ ਵਿਖੇ ਸ੍. ਕਿਸ਼ਨ ਸਿੰਘ ਦੇ ਘਰ ਹੋਇਆ। ਗਿਆਨੀ ਜੀ ਨੇ ਬਚਪਨ ਵਿਚ ਹੀ ਆਪਣੇ ਪਿਤਾ ਅਤੇ ਸੰਤਾਂ ਮਹਾਂਪੁਰਸ਼ਾ ਕੋਲੋਂ ਧਾਰਮਿਕ ਵਿਦਿਆ ਪ੍ਰਾਪਤ ਕੀਤੀ ਅਤੇ ਗਿਆਨੀ ਜੀ ਕਹਿਵਾਏ ਜੋ ਅਜ ਉਨਾਂ ਦੇ ਨਾਂ ਦਾ ਹਿੱਸਾ ਬਣ ਗਿਆ ਹੈ। ਉਹ ਜੋਤ ਜੋ ਦੇਸ਼ ਦੀ ਆਜ਼ਾਦੀ ਲਈ ਸ੍ ਭਗਤ ਸਿੰਘ ਅਤੇ ਉਨਾਂ ਦੇ ਸਾਥੀਆਂ ਨੇ ਪ੍ਰਜਵਲਤ ਕੀਤੀ, ਗਿਆਨੀ ਜੀ ਨੇ ਉਸਨੂੰ ਸੁਰਜੀਤ ਰੱਖਣ ਦਾ ਪ੍ਰਣ ਕੀਤਾ। ਆਖਿਰ ਗਿਆਨੀ ਜੀ ਦੀ ਜਿੱਤ ਹੋਈ ਤੇ ਗਿਆਨੀ ਜੀ ਦਾ ਨਾਂ ਇਤਿਹਾਸ ਦੇ ਪੰਨਿਆ ਤੇ ਅੰਕਿਤ ਹੋ ਗਿਆ, ਭਾਵੇਂ ਇਨਾਂ ਨੂੰ ਫਰੀਦ ਕੋਟ ਦੀ ਜ਼ੇਲ ਵਿਚ 5 ਸਾਲ ਦਾ ਲੰਬਾ ਸਮਾਂ ਕਟਣਾ ਪਿਆ। ਆਖਿਰ ਦੇਸ਼ ਅਜ਼ਾਦ ਹੋ ਗਿਆ। ਗਿਆਨੀ ਜੀ ਪੈਪਸੂ ਦੇ ਰਾਜ ਮੰਤ੍ਰੀ ਬਣੇ ਤੇ ਫਿਰ 1956 ਤੋਂ 1962 ਤਕ ਰਾਜ ਸਭਾ ਦੇ ਮੈਂਬਰ। ਫਿਰ ਕੈਰੋ ਵਜ਼ਾਰਤ ਵਿਚ ਮੰਤ੍ਰੀ ਤੇ ਆਖਰ 17.3.1972 ਨੂੰ ਪੰਜਾਬ ਦੇ ਮੁਖ ਮੰਤ੍ਰੀ ਬਣੇ। 80 ਵਿਚ ਐਸ. ਪੀ. ਫਿਰ ਗ੍ਰਹਿ ਮੰਤਰੀ ਤੇ ਆਖਰ ਵਿਚ ਰਾਜਨੀਤੀ ਦਾ ਸਿਖਰ, ਦੇਸ਼ ਦੀ ਸਰਵ ਉਚ ਰਾਸ਼ਟ੍ਰਪਤੀ ਦੀ ਕੁਰਸੀ ਤੇ ਸਸ਼ੋਭਿਤ ਹੋਏ।

ਮੁਖ ਮੰਤ੍ਰੀ ਹੁੰਦਿਆਂ ਇਕ ਵਾਰ ਪਿੰਡ ਗੋਬਿੰਦਪੁਰ ਆਏ ਅਤੇ ਮਾਸਟਰ ਕਾਬਲ ਸਿੰਘ ਦੀ ਅੰਤਮ ਅਰਦਾਸ ਵਿਚ ਸ਼ਾਮਲ ਹੋਏ। ਮੇਰੇ ਨਾਲ ਹੱਥ ਮਿਲਾ ਕੇ ਮਾਸਟਰ ਜੀ ਬਾਰੇ ਦੁਖ ਸਾਂਝਾ ਕੀਤਾ ਅਤੇ ਪੁਛਿਆ, "ਮਾਸਟਰ ਜੀ ਦੀ ਕੀ ਇੱਛਾ ਸੀ, ਉਹ ਮੈਥੋਂ ਕਿਸ ਗੱਲ ਦੀ ਉਮੀਦ ਰਖਦੇ ਸਨ।" ਮੈਂ ਸਾਰੀ ਗਲ ਦੱਸੀ ਅਤੇ ਕਿਹਾ ਕਿ ਉਹ ਇਥੇ ਹਾਈ ਸਕੂਲ ਬਣਾਉਣਾ ਚਾਹੰਦੇ ਸਨ। ਗਿਆਨੀ ਜੀ ਨੇ ਉਸੇ ਦਿਨ ਸਕੂਲ ਲਈ ਆਡਰ ਕਰ ਦਿੱਤੇ ਜੋ ਅਜ ਬਹੁਤ ਸਫਲਤਾ ਨਾਲ ਚਲ ਰਿਹਾ ਹੈ। ਗਰੀਬਾਂ ਦੇ ਮਸੀਹਾ ਅਤੇ ਦੋਸਤਾਂ ਦੇ ਦੋਸਤ ਅਜ ਸਾਡੇ ਤੋਂ ਸਦਾ ਲਈ ਵਿਛੜ ਗਏ ਹਨ, ਉਨ੍ਹਾਂ ਦੀ ਘਾਟ ਸਾਡੀ ਨਿਜੀ ਘਾਟ ਹੈ, ਜਿਸ ਨੂੰ ਕਦੀ ਵੀ ਪੂਰੀ ਨਹੀਂ ਕੀਤਾ ਜਾ ਸਕਦਾ।

ਅੰਤ ਵਿਚ ਸੋਸਾਇਟੀ ਦੇ ਟਰੱਸਟੀ ਸਰਦਾਰ ਬੰਤਾ ਸਿੰਘ ਸੱਭਰਵਾਲ ਨੇ ਗਿਆਨੀ ਜੀ ਨੂੰ ਸ਼ਰਧਾਜ਼ਲੀ ਭੇਂਟ ਕੀਤੀ ਅਤੇ ਉਨ੍ਹਾਂ ਦੇ ਅਕਾਲ ਚਲਾਣੇ ਨੂੰ ਦੇਸ਼ ਲਈ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ। ਸ੍ ਜਸਵੰਤ ਸਿੰਘ ਨੇ ਆਈਆਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਦੱਸਿਆ ਅਜ ਦੀ ਸੇਵਾ ਸਿੰਘਾਪੁਰ ਤੇ ਮਲਾਇਆ ਦੀ ਸੰਗਤ ਵਲੋਂ ਕੀਤੀ ਗਈ। O

ਬਾਲ ਮੁਖੜੇ



ਨਵਲਦੀਪ ਸਿੰਘ
ਸਪੁੱਤਰ ਸ. ਨਰਿੰਦਰ ਪਾਲ ਸਿੰਘ
ਹਾਂਜੀ
ਜਬਲਪੁਰ



ਕਾਕਾ ਸੁਰਜੀਤ ਸਿੰਘ ਨੰਨੜਾ
ਬੰਬਈ



ਜਸਪ੍ਰੀਤ ਕੌਰ ਨੰਨੜਾ
ਬੰਬਈ



ਨਵਨੀਤ ਕੌਰ
ਸਪੁੱਤਰੀ ਸ. ਦਵਿੰਦਰ ਸਿੰਘ
ਮੈ. ਜੇ. ਕੇ ਆਟੋ ਵਰਕਸ
ਮੋਗਾ



ਪਵੀ ਸੱਗੂ
ਸਪੁੱਤਰੀ ਸ. ਮਹਿੰਦਰ ਸਿੰਘ ਸੱਗੂ
ਕੁਸੁਮੋ. ਕੇਨੀਆ



ਉਪਿੰਦਰ ਕੌਰ ਵਿਰਦੀ
ਸਪੁੱਤਰੀ ਸ. ਨਿਰਮਲ ਸਿੰਘ
ਵਿਰਦੀ
ਮੈ. ਗੁਰਦੇਵ ਇੰਜ. ਵਰਕਸ
ਨੈਰੋਬੀ



ਗੁਰਬਿੰਦਰ ਸਿੰਘ ਬਿਰਦੀ
ਸਪੁੱਤਰ ਸ. ਨਿਰਮਲ ਸਿੰਘ ਬਿਰਦੀ
ਮੈ. ਗੁਰਦੇਵ ਇੰਜ. ਵਰਕਸ
ਬਸੀਆ ਰੋਡ, ਨੈਰੋਬੀ



ਮੀਨਲ ਸੱਗੂ
ਸਪੁੱਤਰੀ ਸ. ਮਹਿੰਦਰ ਸਿੰਘ ਸੱਗੂ
ਕੁਸੁਮੋ. ਕੇਨੀਆ



ਜਸਮਿੰਦਰ ਕੌਰ ਵਿਰਦੀ
ਸਪੁੱਤਰੀ ਸ. ਨਿਰਮਲ ਸਿੰਘ
ਮੈ. ਗੁਰਦੇਵ ਇੰਜ. ਵਰਕਸ
ਨੈਰੋਬੀ



ਹਰਕੀਰਤ ਕੌਰ
ਸਪੁੱਤਰੀ ਸ. ਹਰਦੀਪ ਸਿੰਘ ਰੀਹਲ
ਨਾਕੁਰੋ, ਕੇਨੀਆ



ਰਵਿੰਦਰ ਸਿੰਘ ਸੱਗੂ
ਸਪੁੱਤਰ ਸ. ਮਹਿੰਦਰ ਸਿੰਘ ਸੱਗੂ
ਕੁਸੁਮੋ. ਕੇਨੀਆ



ਸ. ਗੁਰਨਾਮ ਸਿੰਘ ਨਾਗੀ
ਸਪੁੱਤਰ ਸ. ਜੋਗਿੰਦਰ ਸਿੰਘ ਨਾਗੀ
ਮੈ. ਸਵਾਮੀ ਇੰਜ. ਵਰਕਸ
ਧਾਰੀਵਾਲ



ਸ. ਹਰਜਿੰਦਰ ਸਿੰਘ ਲੋਟੇ
ਕਾਂਡੀਵਲੀ. ਬੰਬਈ



ਕਾਕਾ ਹਰਜੀਤ ਸਿੰਘ ਜੰਡੂ
ਸਪੁੱਤਰ ਸ. ਜੱਸਾ ਸਿੰਘ ਜੰਡੂ
ਮੈ. ਨਿਊ ਜੰਡੂ ਫਰਨੀਚਰ ਹਾਊਸ
ਜੋਡਾ ਵਾਲਾ ਰੋਡ, ਬਰਨਾਲਾ

ਰਾਮਗੜ੍ਹੀਆ ਮੰਚ ਪਵਾਰ



ਸ. ਗਿਆਨ ਸਿੰਘ ਭੁਰਜੀ
ਮੈ. ਮਾਈਕਰੋ ਇੰਜੀਨੀਅਰ
ਬੰਬਈ



ਸ. ਖੁਸ਼ਬਖਸ਼ ਸਿੰਘ ਮਜਬੂਰ
ਬੰਬਈ



ਸ. ਗੁਰਮੁਖ ਸਿੰਘ ਭੰਮਰਾ
ਅੰਧੇਰੀ, ਬੰਬਈ



ਸ. ਹਰਜੀਤ ਸਿੰਘ ਨੰਨੜਾ
ਮੈ. ਗੁਰਜੀਤ ਇੰਡਸਟ੍ਰੀਜ
ਬੰਬਈ



ਰਣਜੀਤ ਸਿੰਘ ਰੀਹਲ
ਸਪੁੱਤਰ ਸ. ਹਰਭਜਨ ਸਿੰਘ ਰੀਹਲ
ਭੋਪਾਲ



ਸ. ਮੁਖਤਿਆਰ ਸਿੰਘ
ਮੈ. ਸਿੰਘ ਇੰਜ. ਵਰਕਸ
ਧਾਰੀਵਾਲ




ਸ. ਹਰਭਜਨ ਸਿੰਘ
ਕਾਲੀਨਾ, ਬੰਬਈ



ਸ. ਹਰਨਾਮ ਸਿੰਘ ਵਿਰਦੀ
ਜਬਲਪੁਰ



ਸ. ਗੁਰਦਿਆਲ ਸਿੰਘ ਸੋਹਲ
ਮਲਾਡ, ਬੰਬਈ



ਸ. ਕਰਤਾਰ ਸਿੰਘ
ਮੈ. ਭਾਰਤੀ ਇੰਡਸਟ੍ਰੀਜ
ਬੰਬਈ




ਸ. ਇਕਬਾਲ ਸਿੰਘ ਸੂਰ
ਲਿੰਕਿੰਗ ਰੋਡ, ਸਾਂਤਾ ਕਰੂਜ਼
ਬੰਬਈ



ਸ. ਪਿਆਰਾ ਸਿੰਘ ਬੱਸਨ
ਕਾਲੀਨਾ, ਬੰਬਈ



ਰਣਧੀਰ ਕੁਮਾਰ ਧੀਮਾਨ
ਮੈ. ਮੂਨਲਾਈਟ ਇੰਡ. ਲੁਧਿਆਣਾ



ਸ. ਹਰਭਜਨ ਸਿੰਘ ਰੀਹਲ
ਭੋਪਾਲ



ਸ. ਬਲਕਾਰ ਸਿੰਘ
ਮੈ. ਕੁਲਦੀਪ ਸਿੰਘ
ਜਗਜੀਤ ਸਿੰਘ
ਕੁਰੂਕਸ਼ੇਤਰ



ਸਵ. ਸ. ਕਰਤਾਰ ਸਿੰਘ ਭੂਈ
ਪੰਜਾਬ ਫਰਨੀਚਰ
ਬੰਬਈ

੧ਓ ਸਤਿਨਾਮੁ

ਓਸ਼ੋ

ਜਿਵੇ ਹੀ ਕੋਈ ਵਿਅਕਤੀ ਜਾਗਦਾ ਹੈ ਅਸਤਿਤਵ ਦੇ ਪ੍ਰਤੀ, ਪਰਮ ਅਚੰਭੇ ਨਾਲ ਭਰ ਜਾਂਦਾ ਹੈ । ਮਹਾਨ ਅਸ਼ਚਰਜ ਘੇਰ ਲੈਂਦਾ ਹੈ। ਤੁਹਾਨੂੰ ਤਾਂ ਕੋਈ ਅਚੰਭਾ ਫੜਦਾ ਹੀ ਨਹੀ । ਤੁਸੀ ਤਾਂ ਸ਼ਿਖਰਾਂ ਛੂੰਹਦੇ ਹੋ ਜਿਵੇਂ ਜਾਣਦੇ ਹੋ । ਪੰਡਿਤ ਨੂੰ ਹੈਰਾਨਗੀ ਹੁੰਦੀ ਹੀ ਨਹੀ । ਉਹ ਸਾਰੀਆਂ ਚੀਜ਼ਾਂ ਦੇ ਜਵਾਬ ਜਾਣਦਾ ਹੈ, ਅਚੰਭਾ ਕੇਹਾ ? ਅਚੰਭਾ ਤਾਂ ਬਾਲਕ ਨੂੰ ਹੁੰਦਾ ਹੈ । ਟੁਰਦਾ ਹੈ ਤਾਂ ਹਰ ਚੀਜ਼ ਦੇ ਸੰਬੰਧ ਵਿੱਚ ਸਵਾਲ ਪੁੱਛਦਾ ਹੈ । ਤੁਸੀਂ ਇਹ ਨਾ ਸਮਝਣਾ ਕਿ ਉਹ ਜਵਾਬ ਜਾਨਣ ਲਈ ਸਵਾਲ ਪੁੱਛਦਾ ਹੈ। ਸਵਾਲ ਤਾਂ ਕੇਵਲ ਉਸ ਦੇ ਅਚੰਭੇ ਨੂੰ ਪ੍ਰਗਟ ਕਰਨ ਦਾ ਢੰਗ ਹੈ । ਇਸ ਲਈ ਤੁਹਾਡੇ ਜਵਾਬ ਲਈ ਰੁਕਦਾ ਵੀ ਨਹੀ । ਦੂਜਾ ਸਵਾਲ ਪਾ ਦਿੰਦਾ ਹੈ । ਤੁਹਾਡੇ ਜਵਾਬ ਦੀ ਫ਼ਿਕਰ ਵੀ ਨਹੀ ਕਰਦਾ । ਕਿਉਂਕਿ ਜਵਾਬ ਦੀ ਉਤਸੁਕਤਾ ਹੀ ਨਹੀ ਹੈ ।

ਤਿਤਲੀ ਨਿਕਲ ਜਾਂਦੀ ਹੈ ਅਤੇ ਉਹ ਪੁੱਛਦਾ ਹੈ, ਕਿ ਤਿਤਲੀ ਤੇ ਏਨੇ ਰੰਗ ਕਿਉਂ । ਉਹ ਇਹ ਨਹੀ ਕਹਿ ਰਿਹਾ ਹੈ ਕਿ ਤੁਸੀਂ ਜਵਾਬ ਦਿਓ, ਤਿਤਲੀ ਤੇ ਏਨੇ ਰੰਗ ਕਿਉ ਹਨ, ਉਹ ਸਿਰਫ਼ ਏਨਾ ਕਹਿ ਰਿਹਾ ਹੈ ਕਿ ਮੈਂ ਅਵਾਕ੍ ਹਾਂ । ਮੈਂ ਹੈਰਾਨੀ ਨਾਲ ਭਰ ਗਿਆ ਹਾਂ । ਇਹ ਦਰੱਖਤ ਹਰੇ ਕਿਉਂ? ਫੁੱਲ ਰੰਗੀਨ ਕਿਉਂ ? ਆਕਾਸ਼ ਵਿੱਚ ਬੱਦਲ ਕਿਉ? ਸੂਰਜ ਰੋਜ਼ ਸਵੇਰੇ ਵਕਤ ਸਿਰ ਕਿਉਂ ਨਿਕਲ ਆਉਂਦਾ



ਹੈ ? ਇਹ ਬੱਚਾ ਪੁੱਛ ਰਿਹਾ ਹੈ। ਇਹ ਕੇਵਲ ਅਸ਼ਚਰਜ ਖੜਾ ਕਰ ਰਿਹਾ ਹੈ । ਉਸਦੇ ਸਵਾਲ ਜਵਾਬ ਦੀ ਮੰਗ ਨਹੀ ਕਰਦੇ । ਇਹ ਤਾਂ ਪੁੱਛ ਰਿਹਾ ਹੈ ਇਸ ਲਈ, ਕਿਉਂਕਿ ਹਰ ਚੀਜ਼ ਉਸ ਨੂੰ ਅਸ਼ਚਰਜ ਨਾਲ ਭਰ ਦਿੰਦੀ ਹੈ । ਪੰਡਿਤ ਕੋਈ ਸਵਾਲ ਨਹੀ ਪੁੱਛਦਾ, ਕਿਉਂਕਿ ਉਸ ਦੇ ਕੋਲ ਸਾਰੀਆਂ ਚੀਜ਼ਾਂ ਦੇ ਜਵਾਬ ਹਨ । ਪੰਡਿਤ ਦਾ ਅਰਥ ਹੈ, ਜਿਸ ਦੇ ਕੋਲ ਸਵਾਲ ਹੈ ਹੀ ਨਹੀ, ਜਵਾਬ ਹਨ । ਅਤੇ ਗਿਆਨੀ ਦਾ ਅਰਥ ਹੈ, ਜਿਸ ਦੇ ਕੋਲ ਸਵਾਲ ਹਨ ਅਤੇ ਜਵਾਬ ਨਹੀਂ ਹਨ । ਇਸ ਨੂੰ ਥੋੜਾ ਜਿਹਾ ਖਿਆਲ ਨਾਲ ਸਮਝ ਲੈਣਾ । ਗਿਆਨੀ ਬੱਚਿਆਂ ਵਰਗਾ, ਅਵਾਕ ਰਹਿ ਜਾਂਦਾ ਹੈ । ਹੋਰ ਵੀ ਬਹੁਤ ਅਵਾਕ, ਕਿਉਂਕਿ ਬੱਚੇ ਹੀ ਤਿਤਲੀ ਵੇਖ ਸਕਦੇ ਹਨ, ਫੁੱਲ ਵੇਖ ਸਕਦੇ ਹਨ । ਗਿਆਨੀ ਵੇਖਦਾ ਹੈ ਪੂਰੇ ਅਸਤਿਤਵ ਨੂੰ । ਬੱਚਿਆਂ ਦੀ ਨਜ਼ਰ ਕਿੰਨੀ ਦੂਰ ਜਾਂਦੀ ਹੈ । ਗਿਆਨੀ ਦੀ ਨਜ਼ਰ ਜਾਂਦੀ ਹੈ ਆਰ-ਪਾਰ । ਅਤੇ ਉਹ ਜੋ ਵੇਖਦਾ ਹੈ। ਉਹ ਉਸ ਨੂੰ ਅਸ਼ਚਰਜ ਨਾਲ ਮੋਹਿਤ ਕਰ ਦਿੰਦੀ ਹੈ।

ਮਿੰਨੀ ਕਹਾਣੀਆਂ

ਸਨਮਾਨਤ

-ਹਰਪਾਲ ਸਿੰਘ ਘਈ-

ਅੱਜ ਉਸਨੂੰ ਸਾਹਿਤ ਸਭਾ ਵਲੋਂ ਚੰਗੀਆਂ ਸੇਵਾਵਾਂ ਬਦਲੇ ਸ਼ਾਨਦਾਰ ਮੋਮੈਂਟੋ ਨਾਲ ਸਨਮਾਨਤ ਕੀਤਾ ਜਾਣਾ ਸੀ । ਉਸ ਸਵੇਰੇ ਖੁਸ਼ੀ-ਖੁਸ਼ੀ ਤਿਆਰ ਹੋ ਕੇ ਘਰੋਂ ਨਿਕਲਣ ਹੀ ਲੱਗਾ ਸੀ ਕਿ ਉਸਦੀ ਲੜਕੀ ਡਿੰਪਲ ਭੱਜੀ-ਭੱਜੀ ਆਈ ਤੇ ਕਹਿਣ ਲੱਗੀ, ਡੈਡੀ ਤੁਸੀਂ ਰੋਜ਼ ਹੀ ਕਹਿੰਦੇ ਹੋ ਕਿ ਜਿਦਣ ਸ਼ਹਿਰ ਜਾਵਾਂਗਾ, ਉਦਣ ਕਿਤਾਬ ਲਿਆ ਦਿਆਂਗਾ । ਅੱਜ ਤੁਸੀਂ ਸ਼ਹਿਰ ਜਾ ਰਹੇ ਜੇ, ਮੇਰੀ ਅੰਗਰੇਜ਼ੀ ਦੀ ਕਿਤਾਬ ਲਈ ਆਉ । ਅਧਿਆਪਕ ਮੈਨੂੰ ਰੋਜ਼ ਕਿਤਾਬ ਲਿਆਉਣ ਬਾਰੇ ਕਹਿੰਦੇ ਹਨ । ਕਲ੍ਹ ਉਨ੍ਹਾਂ ਮੈਨੂੰ ਕਿਤਾਬ ਨਾ ਹੋਣ ਕਰਕੇ ਕੁਟਿਆ ਵੀ ਸੀ । ਨਾਲੇ ਐਸ ਮਹੀਨੇ ਦੀ ਫੀਸ ਵੀ ਖੜ੍ਹਨੀ ਏਂ । ਅਧਿਆਪਕ ਕਹਿੰਦੇ ਸੀ ਕਿ ਕਿਤਾਬ ਤੇ ਫੀਸ ਨਾ ਲਿਆਂਦੀ, ਸਕੂਲ ਨਹੀਂ ਆਉਣਾ । ਚੰਗਾ ਬੇਟਾ ਲਿਆ ਦਿਆਂਗਾ । ਇਨੇ ਨੂੰ ਚੌਂਕੇ ਵਿੱਚ ਬੈਠੀ ਉਸਦੀ ਪਤਨੀ ਨੇ ਆਵਾਜ਼ ਦਿੱਤੀ, "ਮੈਂ ਕਿਆ ਡਿੰਪਲ ਦੇ ਡੈਡੀ, ਆਟਾ ਮੁਕ ਗਿਆ ਏ, ਆਉਂਦੇ ਹੋਏ ਆਟਾ ਲਈ ਆਉਣਾ ।"

ਉਹ ਸੋਚ ਰਿਹਾ ਸੀ, ਕਿ ਸਭਾ ਵਾਲੇ ਮੋਮੈਂਟੋ ਦੀ ਜਗ੍ਹਾ ਦੋ-ਤਿੰਨ ਸੈ ਰੁਪਏ ਨਗਦ ਹੀ ਦੇ ਦੇਂਦੇ ।

****

ਭੋਗ ਦਾ ਇਸ਼ਤਿਹਾਰ

-ਜੇ. ਐਲ. ਨੰਦਾ-

ਉਸ ਗਭੀਰਟ ਦੀ ਤਸਵੀਰ ਅੱਖਾਂ ਅੱਗੇ ਸਾਕਾਰ ਹੈ, ਜਿਸਦੇ ਭੋਗ ਦਾ ਇਸ਼ਤਿਹਾਰ ਕਲ੍ਹ ਦੀ ਅਖਬਾਰ 'ਚ ਛਪਿਆ ਸੀ ।

ਉਸ ਦੇ ਵਾਰਸ ਆਖ ਰਹੇ ਸਨ, "ਪਾਠ ਕਿਉਂ ਰਖਵਾਈਏ ? ਭੋਗ ਕਿਉਂ ਪਾਈਏ? ਸਾਡਾ ਤਾਰੀ ਤਾਂ ਜਿਊਂਦਾ ਹੈ ।'

ਪੁਲਿਸ ਵਾਲੇ ਅਖਬਾਰ ਵਿਖਾਕੇ ਚਿਤਾਵਨੀ ਦੇ ਰਹੇ ਸਨ, "ਤਾਰੀ ਖਾੜਕੂਆਂ ਦੀ ਆਪਸੀ ਖਹਿਬਾਜ਼ੀ 'ਚ ਮਾਰਿਆ ਗਿਆ ਹੈ । ਭੋਗ ਤਾਂ ਤੁਹਾਨੂੰ ਪਾਉਣਾ ਹੀ ਪੈਣੇ । ਅਖਬਾਰ 'ਚ ਝੂਠਾ ਇਸ਼ਤਿਹਾਰ ਤਾਂ ਕੋਈ ਦੇ ਹੀ ਨਹੀਂ ਸਕਦਾ, ਉਹ ਵੀ ਫੋਟੋ ਸਮੇਤ । ਅਸੀਂ ਕਾਰਵਾਈ ਕਰਕੇ ਵਿਹਲੇ ਹੋਣਾ ਹੈ । ਆਉਂਦੇ ਐਤਵਾਰ ਭੋਗ ਦੀ ਰਸਮ ਪੂਰੀ ਹੋ ਜਾਵੇ ।"

ਰੱਬ ਨੇੜੇ ਜਾਂ ਘਸੁੰਨ ਘਰ ਵਾਲਿਆਂ ਨੇ ਭੋਗ ਦੀਆਂ ਅੰਤਮ ਰਸਮਾਂ ਦਿਲ 'ਤੇ ਪਥੱਰ ਧਰਕੇ ਆਰੰਭ ਕਰ ਦਿੱਤੀਆਂ । ਤਾਰੀ ਦੇ ਭੋਗ ਤੇ ਪੁਲਿਸ-ਫੋਰਸ, ਅੰਗ-ਸਾਕ, ਭਾਈਚਾਰਾ ਤੇ ਇਲਾਕੇ ਦੇ ਲੋਕ ਹਾਜ਼ਰ ਸਨ ।

ਭੋਗ ਸ਼ੁੱਖ ਸਾਂਦ ਨਾਲ ਬਅਦ ਦੁਪਹਿਰ ਦੋ ਵਜੇ ਪੈ ਗਿਆ । ਸ਼ਰਧਾਂਜਲੀਆਂ ਭੇਟ ਕਰਨ ਵਾਲਿਆਂ ਵੀ ਅੱਧਾ ਕੁ ਘੰਟਾ ਹੋਰ ਲਾ ਦਿੱਤਾ । ਸਿਰ 'ਤੇ ਚਾਰਖਨੇ ਦਾ ਪਰਨਾ ਵਲ੍ਹੇਟ ਕੇ ਤਾਰੀ ਆਪਣੇ ਭੋਗ 'ਤੇ ਆਏ ਗਮਖ਼ਾਰਾਂ ਨੂੰ ਚਾਹ ਵਰਤਾ ਰਿਹਾ ਸੀ । ਬਦਲੇ ਹੋਏ ਭੇਸ ਵਿਚ ਪੁੱਤਰ ਦੀ ਨੁਹਾਰ ਵੇਖ ਕੇ-ਤਾਰੀ ਦੀ ਮਾਂ ਦੀਆਂ ਅੱਖਾਂ 'ਚੋਂ ਹੰਝੂਆਂ ਦਾ ਹੜ੍ਹ ਵਹਿ ਤੁਰਿਆ ।

ਪੁਲਿਸ ਆਪਣੇ ਵੱਲੋਂ ਦਿੱਤੇ ਇਸ਼ਤਿਹਾਰ ਦਾ ਪ੍ਰਤੀਕਰਮ ਵੇਖਕੇ ਖੁਸ਼ੀ-ਖੁਸ਼ੀ ਵਿਦਾ ਹੋ ਗਈ ਤਾਂ ਜੋ ਅਗਲੇਰੀ ਕਾਰਵਾਈ ਕਰਕੇ ਜੱਸ ਖੱਟਿਆ ਜਾ ਸਕੇ । ਦੋਹਾਂ ਧਿਰਾਂ ਲਈ ਭੋਗ ਦਾ ਇਸ਼ਤਿਹਾਰ ਵਰਦਾਨ ਹੋ ਨਿਬੜਿਆ ।

****

ਸੋਕਾ

-ਵਿਸਨੂੰ ਸਵਰੂਪ ਸ਼੍ਰੀਵਾਸਤਵ

ਅਨੁਵਾਦ : ਨਿਰਮਲ 'ਪ੍ਰੇਮ'

ਤਿੰਨੋਂ ਇਕੋ ਪਿੰਡ ਦੇ ਸਨ । ਪਿੰਡ ਸੋਕੇ ਦੀ ਲਪੇਟ ਵਿਚ ਸੀ ।

ਸਾਰੇ ਫਿਕਰਮੰਦ ਸਨ । ਇਸੇ ਚਿੰਤਾ ਵਿਚ ਸੋਕੇ ਦੀ ਸਮੱਸਿਆ ਹੱਲ ਕਰਨ ਦੇ ਲਈ ਪਿੰਡੋਂ ਨਿਕਲੇ । ਉਨ੍ਹਾਂ 'ਚੋਂ ਇਕ ਨੇ ਰਾਹਤ ਕੰਮ ਦਾ ਬਜਟ ਬਣਾਇਆ। ਦੂਜੇ ਨੇ ਮਸਟਰੋਲ 'ਤੇ ਪਿੰਡ ਵਾਲਿਆਂ ਦੇ ਨਾਂ ਲਿਖੇ । ਤੀਜਾ ਚੁੱਪ ਰਹਿਣ ਦਾ ਮੁੱਲ ਲੈਣ ਲੱਗਾ ।

****

ਅੱਗ

ਪਾਪਾ-ਪਾਪਾ "ਪੰਜਾਬ ਦਾ ਨਾਮ, ਪੰਜਾਬ ਕਿਵੇਂ ਪਿਆ ?" ਪੁੱਤਰ ਨੇ ਪਿਤਾ ਕੋਲੋਂ ਬੜੀ ਉਤਸੁਕਤਾ ਅਤੇ ਹੈਰਾਨੀ ਨਾਲ ਪੁੱਛਿਆ ।

"ਬੇਟੇ ਇਥੇ ਪੰਜ ਦਰਿਆ ਵਗਣ ਕਾਰਨ ਇਹ ਧਰਤੀ ਪੰਜਾਂ ਪਾਣੀਆਂ ਦੀ ਕਹੀ ਜਾਂਦੀ ਸੀ ਤੇ ਫਿਰ ਇਸ ਪੰਜਾਂ ਪਾਣੀਆਂ ਵਾਲੀ ਧਰਤੀ ਨੂੰ ਪੰਜਾਬ ਦਾ ਨਾਮ ਦਿੱਤਾ ਗਿਆ ।" ਪਿਤਾ ਨੇ ਸੁਭਾਵਕ ਜਿਹਾ ਉੱਤਰ ਦਿੱਤਾ ।

ਪਾਪਾ ਜੋ ਤੁਸੀਂ ਪੂਰਨ ਅੰਕਲ ਨਾਲ ਗੱਲਾਂ ਕਰਦੇ ਸੀ ਕਿ ਪੰਜਾਬ ਵਿੱਚ ਤਾਂ ਜਗ੍ਹਾ ਜਗ੍ਹਾ ਅੱਗ ਲੱਗੀ ਹੋਈ ਏ, ਕੀ ਉਹ ਅੱਗ ਉਨ੍ਹਾਂ ਪਾਣੀਆਂ ਨਾਲ ਨਹੀਂ ਬੁੱਝ ਸਕਦੀ ? ਪੁੱਤਰ ਨੇ ਪਿਤਾ ਨੂੰ ਇੱ... ਦਮ ਸਵਾਲ ਕੀਤਾ ।

ਪਿਤਾ ਕੋਲ ਕੋਈ ਵੀ ਜੁਆ... ਾਬ ਨਹੀਂ ਸੀ ।

-ਕਰਮਜੀਤ ਚਾਨਾ

Phone (018282)-2190

Vishavkarma Saw Mills

Stockists :
Plywood, Laminated Sheets, Glass, Mirror, Hard Board, Block Board, Timber, Hardware, and Manufacturers of : Wooden Furniture for Interior DECORATION

Manufacturer and Supplier of :
Wooden Doors & Chaukhat etc.

Adampur Road, BHOGPUR
(Distt - Jalandhar)


☎: 41671

WHITESTAR

Radial Drilling Machines

Grade-I Standard

The Design is A Guarantee for Stiffness Accuracy & Large Out Put



Models :
WDM-40 (A)
WDM-40 (B)
WDM-50 (A)
WDM-50 (B)
WDM-65
WDM-75

Faiz Engineering Works
G.T.Road, Simble, Batala-143505 (Pb.)

Bawa singh
Gurmeet Singh Saggu

TOKA MERCHANT

Stockists :
Tokas Blades, Handles, Parnala & Other toka Parts

Dealer :
AJANTA Toka (Regd.)
CRYSTAL Toka (Regd.)



Prop. : S. Gurmeet Singh Sagoo
Nakodar Road, (Near Lovely Sweets)
Jalandhar City

Phone :- 42006

KALSI

TENT HOUSE

DERA ROAD, BATALA-143505

Prop. : S. Kulwant Singh & Sons

Sister Concerns :

Phone :- 42006
Kalsi Medicine Centre
D.B.N.Road, Batala

Ph. 44929
Kalsi S.T .D. & P.C.O.

ਗ਼ਜ਼ਲ



ਉਨ੍ਹਾਂ ਦੇ ਕਹਿਣ ਤੇ ਮੈਂ ਚੁਪ ਰਿਹਾ ਤਸਵੀਰ ਦੇ ਵਾਂਗੂ ।
ਮਿਰੀ ਚੁੱਪ ਅੱਖੀਆਂ ਚੋਂ ਛਣਕ ਉਠੀ ਜ਼ੰਜੀਰ ਦੇ ਵਾਂਗੂ ।

ਬੜਾ ਚਿਰ ਜੀਅ ਲਿਆ ਕੁਕਨੂਸ ਦੀ ਤਕਦੀਰ ਦੇ ਵਾਂਗੂ ।
ਮੈਂ ਨ੍ਹੇਰੇ ਚੀਰ ਕੇ ਲਿਸ਼ਕਾਂਗਾ ਹੁਣ ਸ਼ਮਸ਼ੀਰ ਦੇ ਵਾਂਗੂ ।

ਜਿਹੜਾ ਕਲ੍ਹ ਤੀਕ ਕੱਖਾਂ ਵਾਂਗ ਨਿੱਤ ਗਲੀਆਂ ਚ ਰੁਲਦਾ ਸੀ
ਉਹੀ ਅੱਜ ਰਹਿਨੁਮਾ ਬਣ ਕੇ ਹੈ ਘੁੰਮਦਾ ਪੀਰ ਦੇ ਵਾਂਗੂ ।

ਮੈਂ ਸਾਰੀ ਉਮਰ ਤੇਰਾ ਸਾਥ ਦੇਵਾਂਗੀ ਜੋ ਕਹਿੰਦੀ ਸੀ
ਅਜੇ ਵੀ ਉਹ ਨਹੀ ਪਰਤੀ ਨਦੀ ਦੇ ਨੀਰ ° ਵਾਂਗੂ ।

ਕਿਨਾਰਾ ਤਾਂ ਬਹੁਤ ਨੇੜੇ ਸੀ ਪਰ ਮੈਂ ਕਿਸ ਤਰ੍ਹਾਂ ਬਚਦਾ
ਮਿਰੀ ਕਸ਼ਤੀ ਹੀ ਮਾੜੀ ਸੀ ਮੇਰੀ ਤਕਦੀਰ ਦੇ ਵਾਂਗੂ ।

ਜੇ ਰਾਂਝਣ ਯਾਰ ਨੂੰ ਮਿਲਣੈ ਤਾਂ ਬੰਧਨ ਤੋੜ ਦੇ ਸਾਰੇ
ਬਗ਼ਾਵਤ ਕਰ ਦੇ ਤੂੰ ਐ ਜ਼ਿੰਦਗੀ ਹੁਣ ਹੀਰ ਦੇ ਵਾਂਗੂ ।

ਜਦੋਂ ਅਮਰੀਕ ਆਲੋਚਕ ਗ਼ਜ਼ਲ ਦੀ ਰਗ ਨੂੰ ਸਮਝਣਗੇ
ਤਿਰਾ ਵੀ ਜ਼ਿਕਰ ਹੋਊ ਫ਼ੈਜ਼, ਗ਼ਾਲਿਬ ਮੀਰ ਦੇ ਵਾਂਗੂ ।

-ਅਮਰੀਕ ਡੋਗਰਾ

ਸਵੇਰੇ ਸਵੇਰੇ ਮੁਲਾਕਾਤ ਹੋ ਗਈ
ਇਹ ਦਿਨ ਚੜ੍ਹਦਿਆਂ ਕੀ ਕਰਾਮਾਤ ਹੋ ਗਈ

ਇਸ਼ਾਰੇ ਇਸ਼ਾਰੇ ਤੇ ਫਿਰ ਹੌਲੀ ਹੌਲੀ
ਮਹਿਕਦੇ ਖ਼ਤਾਂ ਦੀ ਸ਼ੁਰੂਆਤ ਹੋ ਗਈ

ਮੁਖ਼ਾਤਬ ਉਹ ਗਏ ਕਿਸੇ ਹੋਰ ਨੂੰ ਜਦ
ਤਾਂ ਮਹਿਫਿਲ ਮੇਰੇ ਲਈ ਹਵਾਲਾਤ ਹੋ ਗਈ

ਜਦੋਂ ਸੋਚਿਆ ਮੈਂ ਨਵਾਂ ਘਰ ਬਨਾਉਣਾ
ਹਨੇਰੀ ਵੀ ਆਈ ਤੇ ਬਰਸਾਤ ਹੋ ਗਈ

ਹਨੇਰਾ ਹੈ ਗੂੜ੍ਹਾ ਹਨੇਰਾ ਨਹੀਂ ਹੈ
ਉਠ ਜਾਗ ਸ਼ੌਕਤ ਹੈ ਪਰਭਾਤ ਹੋ ਗਈ

-ਸ਼ੌਕਤ ਢੰਡਵਾੜਵੀ

ਕਾਵਿ ਰੌਸ਼ਨਾਈਆਂ

ਕਿੰਝ ਸਮਝਾਵਾਂ ਕਿ ਪੱਥਰਾਂ ਚ ਵੀ ਦਿਲ ਵੱਸਦੇ ਨੇ ।
ਅੰਦਰੋਂ ਨੇ ਵਿਲਖਦੇ ਉਹ ਉਪਰੋਂ ਜੋ ਹੱਸਦੇ ਨੇ ।

ਜਿਨ੍ਹਾਂ ਨੂੰ ਕਦੇ ਅਜ਼ੀਜ਼ ਸੀ ਜ਼ਿੰਦਗੀ ਮੇਰੀ,
ਉਹੀ ਅੱਜ ਜਨਾਜ਼ੇ ਮੇਰੇ ਤੇ ਤੀਰ ਕੱਸਦੇ ਨੇ ।

ਜਿਨ੍ਹਾਂ ਮੇਰੀ ਜ਼ਿੰਦਗੀ ਦੀ ਰੁਖ ਹੀ ਬਦਲ ਦਿੱਤਾ ।
ਵੇਖ ਮੈਨੂੰ ਉਹੀ ਅੱਜ ਦੂਰ ਮੈਥੋਂ ਨੱਸਦੇ ਨੇ ।

ਕਹਿਣ ਨੂੰ ਉਹ ਜ਼ਿੰਦਗੀ ਤੋਂ ਦੂਰ ਮੇਰੀ ਹੋ ਗਏ,
ਦਿਲ ਦੇ ਉਹ ਚੋਰ ਪਰ ਦਿਲ ਚ ਅਜੇ ਵੱਸਦੇ ਨੇ ।

ਜ਼ਿੰਦਗੀ ਦੇ ਫ਼ੈਸਲੇ ਲਈ ਮੁਹਲਤ ਸੀ ਕੁਝ ਪਲਾਂ ਦੀ,
ਦੇਰੀ ਦਾ ਅੰਜਾਮ ਸੀ ਕਿ ਹੰਝੂ ਅਜੇ ਤੱਕ ਵੱਗਦੇ ਨੇ ।

ਹਯਾ ਦੇ ਪਰਦੇ ਚ ਸਿਮਟੀ ਮੇਰੀ 'ਹਾਂ' ਨਾ ਉਹ ਸੁਣਸਕੇ,
ਜਿਨ੍ਹਾਂ ਚ ਸੀ ਅਸੀਂ, ਨਜ਼ਰਾਂ ਉਨ੍ਹਾਂ ਚ ਸ਼ਾਇਦ ਹੋਰ ਵੱਸਦੇ ਨੇ ।

-ਹਰਿੰਦਰ ਕੌਰ ਅਜੀਮਲ



ਵਿਵਾਹਿਕ ਵਿਗਿਆਪਨ

O ਉਮਰ 30 ਸਾਲ ਕੱਦ 5' 10", ਹਾਇਰ ਸੈਕੰਡਰੀ ਗੋਤ ਫੁਲ/ ਧੀਰਾ, ਆਪਣੀ ਫੈਕਟਰੀ ਅਤੇ ਜਮੀਨ ਜਾਇਦਾਦ, ਕਨੇਡਾ ਜਾ ਰਹੇ ਜਿਲਾ ਜਲੰਧਰ ਸਥਿਤ ਪ੍ਰਵਾਰ ਦੇ ਲੜਕੇ ਲਈ ਲੰਬੀ ਕੰਨਿਆ ਦੀ ਲੋੜ ਹੈ ।
ਬੋਗ ਨੰ–1222

O ਉਮਰ 25 ਸਾਲ ਕੱਦ 5' 8", M.A. Typing, Computer Course, ਗੋਤ ਸਲੇਚ/ਖਾਂਬੇ, ਜਲੰਧਰ ਸਥਿਤ ਪ੍ਰਵਾਰ ਦੇ ਲੜਕੇ ਲਈ ਤਰਜੀਹੀ ਤੌਰ ਤੇ ਬਾਹਰਲੀ ਕੰਨਿਆ ਚਾਹੀਦਾ ਹੈ ।
ਬੋਗ ਨੰ–1223

O ਉਮਰ 27 ਸਾਲ ਕੱਦ 5' 10" Elect. Engg. (B.E), ਗੋਤ ਗਹੀਰ/ਜੰਡੂ, ਅਮਰੀਕਾ ਵਿਚ ਰਹਿੰਦੇ ਲੜਕੇ ਲਈ ਕੰਨਿਆ ਦੀ ਲੋੜ ਹੈ ।
ਬੋਗ ਨੰ. 1224

O ਉਮਰ 25 ਸਾਲ ਕੱਦ 5' 6", ਮੈਟ੍ਰਿਕ, ਗੋਤ ਵਿਰਦੀ, ਫਰੀਦਕੋਟ ਜਿਲੇ ਦੇ ਲੜਕੇ ਲਈ ਕੰਨਿਆ ਦੀ ਲੋੜ ਹੈ । ਬੋਗ ਨੰ–1225

O ਉਮਰ 27 ਸਾਲ ਕੱਦ 170 CM. M.B.A. Export Management , ਗੋਤ ਮਠਾੜੂ, ਆਪਣਾ ਅੱਛਾ ਕਾਰੋਬਾਰ, ਜਿਲਾ ਅੰਮ੍ਰਿਤਸਰ ਦੇ, ਪੂਨਾ ਵਿਖੇ, ਰਹਿੰਦੇ ਗੁਰਸਿੱਖ ਪ੍ਰਵਾਰ ਦੇ ਲੜਕੇ ਲਈ ਕੰਨਿਆ ਦੀ ਲੋੜ ਹੈ ।
ਬੋਗ ਨੰ–1226

O ਉਮਰ 25 ਸਾਲ ਅੰਡਰ ਮੈਟ੍ਰਿਕ, ਗੋਤ ਮਰਵਾਹ/ਧੀਮਾਨ, ਮਾਨਸਾ ਸਥਿਤ ਪ੍ਰਵਾਰ ਦੇ ਲੜਕੇ ਲਈ ਕੰਨਿਆ ਦੀ ਲੋੜ ਹੈ । ਬੋਗ ਨੰ. 1227

O ਉਮਰ 30 ਸਾਲ ਕੱਦ 176 Cm. B.Sc from U.S.A, ਗੋਤ ਸੰਧੂ / ਕਲਸੀ, ਕੁਸੁਮੋ, ਕੇਨੀਆ ਵਿਖੇ ਆਪਣਾ ਹੋਟਲ ਦਾ ਕਾਰੋਬਾਰ ਕਰਦੇ, ਜਿਲਾ ਅੰਮ੍ਰਿਤਸਰ ਦੇ ਪ੍ਰਵਾਰ ਦੇ ਲੜਕੇ ਲਈ ਕੰਨਿਆ ਦੀ ਲੋੜ ਹੈ ।
ਬੋਗ ਨੰ–1228

O ਉਮਰ 35½ ਸਾਲ ਕੱਦ 5' 6", ਗੋਤ ਬਬਰਾ/ਮੁੰਡੇ, ਬਿਜਲੀ ਬੋਰਡ ਵਿਚ ਸਰਵਿਸ ਕਰਦੇ ਜਿਲਾ ਫਰੀਦਕੋਟ ਦੇ ਵੈਸ਼ਨੋ ਪ੍ਰਵਾਰ ਦੇ ਲੜਕੇ ਲਈ ਕੰਨਿਆ ਦੀ ਲੋੜ ਹੈ । ਬੋਗ ਨੰ–1229

O ਉਮਰ 27½ ਸਾਲ ਕੱਦ 5' 8", ਕਲੀਨਸ਼ੇਵ, ਸੁੰਦਰ B.Sc, M.Sc (Math), B.Ed, ਗੋਤ ਬਮਰਾ/ ਵਿਰਦੀ ਰਾਜਸਥਾਨ ਸਥਿਤ, ਪੜੇ ਲਿਖੇ, ਵੈਸ਼ਨੋ ਪ੍ਰਵਾਰ ਦੇ ਲੜਕੇ ਲਈ ਕੰਨਿਆ ਦੀ ਲੋੜ ਹੈ ।
ਬੋਗ ਨੰ–1230

O ਉਮਰ 28 ਸਾਲ ਕੱਦ 6' 1½", Mech Engg., ਗੋਤ ਚੱਗਰ/ਵਿਲਖੂ ਬਹਰੀਨ ਵਿਚ, ਰਹਿੰਦੇ ਜਿਲਾ ਜਲੰਧਰ ਦੇ ਪ੍ਰਵਾਰ ਦੇ ਲੜਕੇ ਲਈ ਤਰਜੀਹੀ ਤੌਰ ਤੇ ਬਾਹਰਲੀ ਕੰਨਿਆ ਦੀ ਲੋੜ ਹੈ । ਬੋਗ ਨੰ. 1231

O ਉਮਰ 21 ਸਾਲ ਕੱਦ 5' 10", ਗੋਤ ਅਤੁਲ ਆਇਰ ਲੈਂਡ ਵਿਚ, ਰਹਿੰਦੇ ਪ੍ਰਵਾਰ ਆਪਣਾ ਕਾਰੋਬਾਰ, ਵਾਸਤੇ ਯੋਗ ਰਿਸ਼ਤੇ ਦੀ ਲੋੜ ਹੈ ।ਪ੍ਰਵਾਰ ਭਾਰਤ ਆਇਆ ਹੋਇਆ ਹੈ ।
ਸੰਪਰਕ ਕਰੋ ਮਿਸਤਰੀ ਬਾਵਾ ਸਿੰਘ , V.P.O. ਤਲਵਨ, ਜਲੰਧਰ ।

O ਉਮਰ 23 ਸਾਲ ਕੱਦ 5' 2", B.A., ਗੋਤ ਨੰਨੜਾ/ਹੁੰਝਨ, ਕਪੂਰਥਲਾ ਸਥਿਤ, ਸਨਅਤਕਾਰ, ਪ੍ਰਵਾਰ ਦੀ ਕੰਨਿਆ ਲਈ ਯੋਗ ਵਰ ਦੀ ਲੋੜ ਹੈ ।
ਬੋਗ ਨੰ–4035

O ਉਮਰ 32 ਸਾਲ ਕੱਦ 5' 2", M.A (Hindi), B.Ed, Computer Diploma, ਰੰਗ ਗੋਰਾ ਗੋਤ ਬੰਬਰਾ/ ਸੀਹਰਾ, ਕੋਟਾ ਰਾਜਸਥਾਨ ਸਥਿਤ ਪ੍ਰਵਾਰ ਦੀ ਕੰਨਿਆ ਲਈ ਵਰ ਦੀ ਲੋੜ ਹੈ । ਬੋਗ ਨੰ. 4036

O ਉਮਰ 26 ਸਾਲ ਕੱਦ 5' 1" M.Com, B.Ed, Course of Secretariatship, Typing Accountancy, Short Hand, ਗੋਤ ਵਿਰਦੀ/ਚਾਨਾ, ਦਿੱਲੀ ਸਥਿੱਤ ਜਲੰਧਰ ਜਿਲੇ ਦੇ ਪ੍ਰਵਾਰ ਦੀ ਸਰਵਿਸ ਕਰਦੀ ਸੁੰਦਰ ਕੰਨਿਆ ਲਈ ਵਰ ਦੀ ਲੋੜ ਹੈ ।
ਬੋਗ ਨੰ–4037

O ਉਮਰ 31 ਸਾਲ ਕੱਦ 5' 3" B.Sc, B.Ed, M.A (Eng.), ਗੋਤ ਵਿਰਦੀ/ਚਾਨਾ, ਦਿੱਲੀ ਸਥਿਤ ਜਿਲਾ ਜਲੰਧਰ ਦੇ ਪ੍ਰਵਾਰ ਦੀ ਸਰਵਿਸ ਕਰ ਰਹੀ ਸੁੰਦਰ ਕੰਨਿਆ ਲਈ ਵਰ ਦੀ ਲੋੜ ਹੈ । ਬੋਗ ਨੰ–4038

O ਉਮਰ 31 ਸਾਲ ਕੱਦ 5' 3", M.A, B.Ed, ਗੋਤ ਬਾਹੜਾ/ਕੁੰਡਲ, ਚੰਡੀਗੜ ਸਥਿਤ ਪ੍ਰਵਾਰ ਦੀ ਕੰਨਿਆ ਲਈ ਵਰ ਦੀ ਲੋੜ ਹੈ ।
ਬੋਗ ਨੰ–4039

O ਉਮਰ 24 ਸਾਲ ਕੱਦ 5' 2", B.A, ਸਿਲਾਈ ਦਾ ਡਿਪਲੋਮਾ, ਗੋਤ ਨੰਨੜਾ/ ਜੰਡੂ ਜਿਲਾ ਜਲੰਧਰ ਦੀ ਕੰਨਿਆ ਲਈ ਵਰ ਦੀ ਲੋੜ ਹੈ ।
ਬੋਗ ਨੰ–4040

◆ ਉਮਰ 27 ਸਾਲ ਕੱਦ 5' 3", M.A, ਰੰਗ ਸਾਫ, ਗੋਤ ਲਾਇਲ ਸ਼ਾਦੀ ਤੋਂ 20 ਦਿਨਾਂ ਬਾਦ ਤਲਾਕਸ਼ੁਦਾ ਕੰਨਿਆ ਲਈ ਵਰ ਚਾਹੀਦਾ ਹੈ । ਪ੍ਰਵਾਰ ਦਾ ਪਿਛੋਕੜ ਜਿਲਾ ਜਲੰਧਰ ਹੈ । ਬੋਗ ਨੰ.–4027

◆ ਉਮਰ 23–24 ਸਾਲ ਕੱਦ 5' 3", M.Com., ਗੋਤ ਹੰਸਪਾਲ, ਯੂ.ਪੀ. ਸਥਿਤ, ਵਿਧਵਾ ਕੰਨਿਆ ਲਈ ਵਰ ਦੀ ਲੋੜ ਹੈ ।
ਬੋਗ ਨੰ.–4034

ਜਨਮ ਦਿਨ ਮੁਬਾਰਕ

☼ ਨਰਿੰਦਰ ਸਿੰਘ, ਸਪੁੱਤਰ ਸ: ਜਗਜੀਤ ਸਿੰਘ ਤੋਗਲ ਵੁਲਵਰਹੈਪਟਨ -12 ਫਰਵਰੀ

☼ ਜਸਕਰਣ ਸਿੰਘ (ਰਾਣਾ), ਸਪੁੱਤਰ ਸ: ਮੁਹਿੰਦਰ ਸਿੰਘ ਝੀਤਾ, 8 ਮਿਨਰਲ ਸਟ੍ਰੀਟ ਪਲਮਸਟੈਂਡ (ਯੂ:ਕੇ) -13 ਫਰਵਰੀ

☼ ਪ੍ਰਭਜੋਤ ਸਿੰਘ, ਸਪੁੱਤਰ ਸ: ਜੋਗਿੰਦਰ ਸਿੰਘ ਮੈ: ਨਿਊ ਮਕਰਾਨਾ ਮਾਰਬਲ ਹਾਊਸ, ਅੰਬਾਲਾ ਰੋਡ, ਕੈਥਲ -10 ਫਰਵਰੀ

☼ ਵਰਿੰਦਰ ਕੌਰ, ਸਪੁੱਤਰੀ ਸ: ਇੰਦਰ ਸਿੰਘ ਸੱਗੂ, 634/8, ਪ੍ਰਤਾਪ ਕਲੋਨੀ ਕੁਰੂਕਸ਼ੇਤਰ -16 ਫਰਵਰੀ

☼ ਨਵਰਾਜ ਸਿੰਘ ਕਲਸੀ, ਸਪੁੱਤਰ ਸ: ਮੋਹਿੰਦਰ ਸਿੰਘ ਕਲਸੀ ਸਟੀਵੇਨਜ (ਯੂ:ਕੇ) -15 ਫਰਵਰੀ

☼ ਹਰਪਾਲ ਸਿੰਘ ਦੇਵਗਣ, ਸਪੁੱਤਰ ਸ: ਸਤਨਾਮ ਸਿੰਘ ਦੇਵਗਣ 10 ਕਟੇਰਿਜ ਰੋਡ ਹਾਰਟਹਿੱਲ ਸਟੋਕ ਆਨਟਰਿੰਟ -9 ਫਰਵਰੀ

☼ ਬੀਬੀ ਹਰਜੀਤ ਕੌਰ, ਸਪੁੱਤਰੀ ਸ: ਬਲਵਿੰਦਰ ਸਿੰਘ ਦੇਵਗਣ 10 ਕਟੇਰਿਜ ਰੋਡ ਹਾਰਟ ਹਿੱਲ ਸਟੋਕ ਆਨਟਰਿੰਟ -11 ਫਰਵਰੀ

☼ ਦਲਜੀਤ ਕੌਰ (ਨੀਮਾ), ਸਪੁੱਤਰੀ ਸ: ਪਰਵਿੰਦਰ ਸਿੰਘ ਡੱਬ, ਪਰਿਸਟ ਵਰੀ ਐਵਨੀਉ ਬੈਸਟਵਰੀ ਪਾਰਕ ਨਿਊ ਕੈਸਲ ਸਟੋਕ -14 ਫਰਵਰੀ

☼ ਬਲਰਾਜ ਸਿੰਘ, ਸਪੁੱਤਰ ਸ: ਸੁਖਵਿਰ ਸਿੰਘ ਸੋਹਲ 7 ਅਰਨਕਲਫ ਕਰਿਸਰੈਂਟ, ਮੋਰਲ ਲੀਡਸ -12 ਫਰਵਰੀ

☼ ਬੀਬੀ ਹਰਜੀਤ ਕੌਰ ਚਾਨਾ, ਸਪੁੱਤਰੀ ਸ: ਅਮਰੀਕ ਸਿੰਘ ਚਾਨਾ, 253, ਤੁਲੇ ਲੇਨ ਬ੍ਰੈਡਫੋਰਡ -13 ਫਰਵਰੀ

☼ ਕਾਕਾ ਲਖਵੀਰ ਸਿੰਘ, ਸਪੁੱਤਰ ਸ: ਹਰਮੀਤ ਸਿੰਘ ਮੈ: ਹਰਮੀਤ ਡੈਂਟਿੰਗ ਮੋਟਰ ਵਰਕਸ ਬਾਬਾ ਦੀਪ ਰੋਡ ਮੋਗਾ -9 ਫਰਵਰੀ

☼ ਬੀਬੀ ਜਸਪ੍ਰੀਤ ਕੌਰ, ਸਪੁੱਤਰੀ ਸ: ਜਸਵੰਤ ਸਿੰਘ ਦੁਰੇਲਾ 5, ਵੈਲੀ ਰੋਡ ਸੋਲੀ ਹੱਲ ਬਰਮਿੰਘਮ -13 ਫਰਵਰੀ

☼ ਕਰਮਜੀਤ ਕੌਰ ਪਨੇਸਰ 927 ਵੁਲਵਰ ਹੈਮਪਟਨ ਰੋਡ ਔਲਡ ਵਰੀ ਬੈਸਟ ਮਿਡਲੈਂਡ (ਯੂ: ਕੇ:) -9 ਫਰਵਰੀ

☼ ਰਾਜਦੀਪ ਕੌਰ ਬਿਲਖੂ, ਸਪੁਤੱਰੀ ਸ: ਜਸਵੰਤ ਸਿੰਘ ਬਿਲਖੂ, ਬਰਿਸਟੋਲ ਰੋਡ ਏਡਵੈਸਟਨ ਬਰਮਿੰਘਮ -10 ਫਰਵਰੀ

☼ ਬਲਜੀਤ ਸਿੰਘ ਘਟਾਉੜਾ, ਸਪੁੱਤਰ ਸ: ਕਰਨੈਲ ਸਿੰਘ ਘਟਾਉੜਾ, ਸਟੇਸ਼ਮ ਡਰਾਈਵ ਏਡਬੈਸਟਨ, ਬਰਮਿੰਘਮ 14 ਫਰਵਰੀ

☼ ਸੰਦੀਪ ਸਿੰਘ ਸੈਹਬੀ, ਸਪੁੱਤਰ ਸ: ਰਤਨ ਸਿੰਘ ਸੈਹਬੀ ਕਰਾਫਟ ਡਾਉਨ ਰੋਡ ਹਾਰਬੋਰਨ ਬਰਮਿੰਘਮ -14 ਫਰਵਰੀ

☼ ਕਰਨਜੀਤ ਸਿੰਘ ਕਲਸੀ, ਸਪੁੱਤਰ ਸ: ਗੁਰਦੇਵ ਸਿੰਘ ਕਲਸੀ ਕੋਵੈਂਟਰੀ -12 ਫਰਵਰੀ

☼ ਕਾਕਾ ਬਿਕਰਮ ਜੀਤ ਸਿੰਘ, ਸਪੁੱਤਰ ਸ: ਦਰਸ਼ਨ ਸਿੰਘ, ਮੈ: ਹਿੰਦ ਫਲੋਰ ਮਿਲ ਫਿਰੋਜਪੁਰ ਸਿਟੀ। -11 ਫਰਵਰੀ

☼ ਬੀਬੀ ਸ਼ਰਨਜੀਤ ਕੌਰ, ਸਪੁੱਤਰੀ ਸ: ਗੁਰਚਰਨ ਸਿੰਘ ਸੋਹਲ, ਮੈ: ਮਾਲਵਾ ਇੰਜ: ਵਰਕਸ ਕੋਰਟ ਰੋਡ ਮੋਗਾ -10 ਫਰਵਰੀ

☼ ਕਾਕਾ ਅਮ੍ਰਿਤਪਾਲ ਸਿੰਘ, ਸਪੁੱਤਰ ਸ: ਇੰਦਰਜੀਤ ਸਿੰਘ ਸੱਗੂ, ਗੁਰਦੁਆਰਾ ਰੋਡ ਜ਼ੀਰਾ -12 ਫਰਵਰੀ

☼ ਬੀਬੀ ਮਨਦੀਪ ਕੌਰ, ਸਪੁੱਤਰੀ ਸ: ਗੁਰਦੇਵ ਸਿੰਘ ਮੈ: ਗੁਰਦੇਵ ਫਰਨੀਚਰ, ਵਿਸ਼ਵਕਰਮਾ ਮਾਰਕਿਟ, ਕਰਤਾਰਪੁਰ -12 ਫਰਵਰੀ

☼ ਸ: ਤਲਜੀਤ ਸਿੰਘ, ਸਪੁੱਤਰ ਸ: ਹਰਮੇਸ਼ ਸਿੰਘ ਬਾਹੜਾ ਸ਼ਫੀਪੁਰਾ, ਕਾਨਪੁਰ -12 ਫਰਵਰੀ

☼ ਕਾਕਾ ਸਵਰਾਜਦੀਪ ਸਿੰਘ, ਸਪੁੱਤਰ ਸ: ਗੁਰਦੇਵ ਸਿੰਘ 145, ਵੇਰਕਾ ਅੰਮ੍ਰਿਤਸਰ -15 ਫਰਵਰੀ

ਬੀਬੀ ਹਰਦੀਪ ਕੌਰ ਸੈਹਬੀ, ਸਪੁੱਤਰੀ ਸ: ☼ ਅਮਰਜੀਤ ਸਿੰਘ ਸੈਹਬੀ, ਗੁਰੂ ਨਾਨਕ ਨਗਰ, ਨਵਾਂ ਸ਼ਹਿਰ -13 ਫਰਵਰੀ

☼ ਕਾਕਾ ਨਿਸ਼ਾਨ ਸਿੰਘ, ਸਪੁੱਤਰ ਸ: ਜਸਪਾਲ ਸਿੰਘ, ਪੋਤਰਾ ਸ: ਅਜੀਤ ਸਿੰਘ ਮਾਲਵਾ ਮੈ: ਮਾਲਵਾ ਮੋਟਰ ਵਰਕਸ, ਮੁਕੇਰੀਆਂ -15 ਫਰਵਰੀ

☼ ਮਨਜੀਤ ਕੌਰ, ਸਪੁੱਤਰੀ ਸ: ਚਰਨ ਸਿੰਘ ਹਰਜਿੰਦਰ ਨਗਰ, ਕਾਨਪੁਰ -14 ਫਰਵਰੀ

☼ ਧੰਨਵੰਤ ਸਿੰਘ ਸਿਹਰਾ, ਸਪੁੱਤਰ ਸ: ਸਰਬਜੀਤ ਸਿੰਘ ਸਿਹਰਾ, ਰੇਲਵੇ ਰੋਡ ਨਕੋਦਰ −10 ਫਰਵਰੀ

☼ ਧੰਨਵੀਰ, ਸਪੁੱਤਰੀ ਸ: ਸਰਬਜੀਤ ਸਿੰਘ ਸਿਹਰਾ, ਰੇਲਵੇ ਰੋਡ ਨਕੋਦਰ−12 ਫਰਵਰੀ

☼ ਅਵਰਾਜ ਸਿੰਘ ਘਾਲੇ, ਸਪੁੱਤਰ ਸ: ਮੋਹਿੰਦਰ ਸਿੰਘ ਘਾਲੇ ਵਲਵਰ ਹੈਂਪਟਨ -18 ਫਰਵਰੀ

☼ ਗੁਰਪਿੰਦਰ ਸਿੰਘ ਚਾਨਾ, ਸਪੁੱਤਰ ਸ: ਮੋਹਨ ਸਿੰਘ ਚਾਨਾ, ਦੋਹਤਾ ਸ: ਗੁਰਬਚਨ ਸਿੰਘ ਪਨੇਸਰ ਬਰੈਡ ਫੋਰਡ -20 ਫਰਵਰੀ

☼ ਜਸਪ੍ਰੀਤ ਸਿੰਘ, ਸਪੁੱਤਰ ਸ: ਰਣਜੀਤ ਸਿੰਘ ਵਿਲਖੂ ਵਿਸ਼ਣੂ ਪੁਰੀ ਇੰਦੋਰ -22 ਫਰਵਰੀ

☼ ਜਸਵਿੰਦਰ ਕੌਰ, ਸਪੁੱਤਰੀ ਸ: ਗੁਰਮੇਲ ਸਿੰਘ ਮੈ: ਟੀ: ਕੇ: ਇੰਡ: ਪੂਨਾ 18 ਫਰਵਰੀ

☼ ਕਾਕਾ ਪ੍ਰਭੁਪਾਲ ਸਿੰਘ, ਸਪੁੱਤਰ ਸ: ਨਿਰਮਲ ਸਿੰਘ ਮੈ: ਨੈਸ਼ਨਲ ਆਇਰਨ ਵਰਕਸ ਪੂਨਾ -22 ਫਰਵਰੀ

☼ ਹਰਪ੍ਰੀਤ ਸਿੰਘ ਸਹੋਤਾ, ਸਪੁੱਤਰ ਸ: ਗੁਲਜਾਰ ਸਿੰਘ ਮਹੋਤਾ ੧−ਲੈਨਕਾਸਟਰ ਐਵਨਿਊ ਹਿਚਿਨ ਜਰਟਸ -18 ਫਰਵਰੀ

☼ ਸਤਬੀਰ ਸਿੰਘ, ਸਪੁੱਤਰ ਸ: ਦਲਜੀਤ ਸਿੰਘ 260 ਹਾਲ ਬਰੁਕਲੈਨ ਕੋਵਿੰਟਰੀ −17 ਫਰਵਰੀ

☼ ਇੰਦਰਜੀਤ ਕੌਰ, ਸਪੁੱਤਰੀ ਸ: ਹਰਭਜਨ ਸਿੰਘ ਲਨ 22, ਬਰੈਂਡਲੇ ਰੋਡ ਲੈਚਵਰਥ ਹਰਟਸ -14 ਫਰਵਰੀ

☼ ਸਵਰਾਜ ਸਿੰਘ, ਸਪੁੱਤਰ ਸ: ਮੋਹਿੰਦਰ ਸਿੰਘ ਕਲਸੀ ਸਲੀਵੇਂਜ -19 ਫਰਵਰੀ

☼ ਸੁਰਿੰਦਰ ਸਿੰਘ ਖਾਂਬੇ, ਸਪੁੱਤਰ ਸ: ਗੁਰਮੇਲ ਸਿੰਘ ਖਾਂਬੇ, ਮਦਨ ਮਹਲ ਜਬਲਪੁਰ −21 ਫਰਵਰੀ

☼ ਬਲਵਿੰਦਰ ਕੌਰ, ਸਪੁੱਤਰੀ ਸ: ਤਰਲੋਕ ਸਿੰਘ ਕਲੇਰ ਮੈ: ਏਅਰਮੈਨ ਸਟੀਲ ਟਰੇਡਰਸ, ਨੀਅਰ ਡੀ:ਏ:ਵੀ: ਕਾਲਜ ਹੁਸ਼ਿਆਰਪੁਰ -18 ਫਰਵਰੀ

☼ ਸ: ਤਰਨ ਦੀਪ ਸਿੰਘ, ਸਪੁੱਤਰ ਸ: ਮੋਹਿੰਦਰ ਸਿੰਘ ਲੋਟੇ ਗੋਰਡਨ ਅਵੈਨੀਉ ਸਟੈਨਮੋਰ ਯੂ:ਕੇ -16 ਫਰਵਰੀ

☼ ਕਾਕਾ ਸਤਵੀਰ ਸਿੰਘ, ਸਪੁੱਤਰ ਸ: ਕਰਨੈਲ ਸਿੰਘ, ਮੈ: ਧੀਮਾਨ ਟਾਇਰ ਕਲਾਂਵਾਲੀ -18 ਫਰਵਰੀ

☼ ਕਾਕਾ ਦਰਸ਼ਨ ਸਿੰਘ, ਸਪੁੱਤਰ ਸ: ਕਰਨੈਲ ਸਿੰਘ ਮੈ: ਧੀਮਾਨ ਟਾਇਰ ਕਲਾਂਵਾਲੀ -18 ਫਰਵਰੀ

☼ ਬੀਬੀ ਵਰਿੰਦਰ ਕੌਰ, ਸਪੁੱਤਰੀ ਸ: ਇੰਦਰ ਸਿੰਘ ਮੈ: ਸੱਗੂ ਇੰਜ: ਵਰਕਸ, ਅੰਬੇਦਕਰ ਚੌਕ, ਕੁਰੂਕਸ਼ੇਤਰ -16 ਫਰਵਰੀ

☼ ਕਾਕਾ ਇਕਬਾਲ ਸਿੰਘ, ਸਪੁੱਤਰ ਸ: ਚਤਰ ਸਿੰਘ 65, ਹਰਜਿੰਦਰ ਨਗਰ, ਕਾਨਪੁਰ -17 ਫਰਵਰੀ

☼ ਕਾਕਾ ਨਿਰਮਲ ਸਿੰਘ, ਸਪੁੱਤਰ ਸ: ਅਮੀਰ ਸਿੰਘ I.O.W BEAS ਅੰਮ੍ਰਿਤਸਰ -20 ਫਰਵਰੀ

☼ ਬੀਬੀ ਦਲਜੀਤ ਕੌਰ, ਸਪੁੱਤਰੀ ਸ: ਹਰਦੀਪ ਸਿੰਘ ਸੈਹਬੀ ਚੰਡੀਗੜ੍ਹ ਰੋਡ, ਨਵਾਂ ਸ਼ਹਿਰ -21 ਫਰਵਰੀ

☼ ਨਵੀਤਾ, ਸਪੁੱਤਰੀ ਸ: ਸੰਤੋਖ ਸਿੰਘ ਤੋਗਲ ਰੇਲਵੇ ਰੋਡ ਨਵਾਂ ਸ਼ਹਿਰ -[illegible] ਫਰਵਰੀ

...ਦੇ ਇਤਿਹਾਸ ਦੇ ਸੁਨਹਿਰੀ ਵਰਕ

ਸ੍ਰ. ਸੰਤੋਖ ਸਿੰਘ ਭਰੀਆ

ਦੇਖਣ ਨੂੰ ਸਿੱਧੇ ਸਾਦੇ ਪਰ ਪ੍ਰਤਿਭਾ ਦੇ ਧਨੀ, ਸ੍ਰ. ਸੰਤੋਖ ਸਿੰਘ ਭਰੀਆ ਦਾ ਜਨਮ ਸ੍ਰ. ਦਰਸ਼ਨ ਸਿੰਘ ਭਰੀਆ ਦੇ ਘਰ ਮਾਤਾ ਰੇਸ਼ਮ ਕੌਰ ਦੀ ਕੁੱਖੋਂ, 2 ਸਤੰਬਰ 1947 ਨੂੰ ਪਿੰਡ ਗੁਰੂ ਕਾ ਹੁਸੈਨਪੁਰ (ਨਾਨਕੇ ਪਿੰਡ) ਜ਼ਿਲਾ ਹੁਸ਼ਿਆਰਪੁਰ ਵਿਖੇ ਹੋਇਆ । ਵੈਸੇ ਇਨ੍ਹਾਂ ਦਾ ਜੱਦੀ ਪਿੰਡ ਪੰਡੋਰੀ ਨਿੱਝਰਾਂ ਜ਼ਿਲਾ ਜਲੰਧਰ ਹੈ ਅਤੇ ਅਜਕਲ ਇੰਗਲੈਂਡ ਐਡਬੈਸਟਨ ਵਿਖੇ ਆਪਣੇ ਵਿਸ਼ਾਲ ਕਾਰੋਬਾਰ ਦੀ ਦੇਖਭਾਲ ਕਰਦੇ ਹਨ । ਇਨ੍ਹਾਂ ਦਾ ਮੁੱਖ ਵਿਉਪਾਰਕ ਕੇਂਦਰ ਦਾਰਾਸਲਾਮ ਤਨਜ਼ਾਨੀਆ ਹੈ, ਜਿਥੇ ਇਨ੍ਹਾਂ ਦੇ ਦੋ ਛੋਟੇ ਭਾਈ, ਸ੍ਰ. ਸਰਬਜੀਤ ਸਿੰਘ ਭਰੀਆ ਅਤੇ ਸ੍ਰ. ਚਰਨਜੀਤ ਸਿੰਘ ਭਰੀਆ ਇਸ ਦੀ ਦੇਖਭਾਲ ਕਰਦੇ ਹਨ । ਇਥੇ ਹੀ ਜ਼ਿਕਰ ਕਰ ਦਿਆਂ ਕਿ ਸ੍ਰ. ਸਰਬਜੀਤ ਸਿੰਘ ਭਰੀਆ ਸਿੱਖ ਟੈਂਪਲ ਦਾਰਾ ਸਲਾਮ ਦੇ ਲਗਭਗ 10 ਸਾਲ ਤੋਂ ਚੇਅਰਮੈਨ ਹਨ ਅਤੇ ਪਿਛਲੇ 5 ਸਾਲਾਂ ਤੋਂ ਸਿੱਖ ਕਾਉਂਸਲ ਆਫ ਤਨਜ਼ਾਨੀਆ ਦੇ ਭੀ ਚੇਅਰਮੈਨ ਹਨ । ਰਾਮਗੜ੍ਹੀਆ. ਸਿੱਖਾਂ ਅਤੇ ਭਾਰਤੀਆਂ ਦੀ ਕੋਈ ਵੀ ਅਜਿਹੀ ਸੰਸਥਾ ਤਨਜ਼ਾਨੀਆ ਵਿਚ ਨਹੀਂ ਹੈ, ਜਿਸ ਵਿਚ ਇਨ੍ਹਾਂ ਦੀ ਸਾਂਝ ਨਾ ਹੋਵੇ । ਇਨ੍ਹਾਂ ਦੀ ਧਰਮ ਪਤਨੀ ਬੀਬੀ ਹਰਕੀਰਤਨ ਕੌਰ ਹਨ ਅਤੇ ਇਨ੍ਹਾਂ ਦੇ 3 ਸਪੁੱਤਰ ਅਤੇ ਇਕ ਸਪੁੱਤਰੀ ਹੈ ।

ਇਸ ਤੋਂ ਪਹਿਲਾਂ ਕਿ ਅਸੀਂ ਸ੍ਰ. ਸੰਤੋਖ ਸਿੰਘ ਭਰੀਆ ਦੀ ਗਲ ਕਰਨ ਤੋਂ ਪਹਿਲਾਂ ਮੈਂ ਇਨ੍ਹਾਂ ਦੇ ਪਿਤਾ




ਸ੍ਰ. ਸਰਬਜੀਤ ਸਿੰਘ ਭਰੀਆ

ਸ੍ਰ. ਦਰਸ਼ਨ ਸਿੰਘ ਭਰੀਆ ਦਾ ਵੀ ਸੰਕੇਤ ਮਾਤਰ ਜ਼ਿਕਰ ਕਰਾਂਗਾ, ਜਿਨ੍ਹਾਂ ਦੀ ਕੜੀ ਮਿਹਨਤ ਅਤੇ ਉਦਮ ਸਦਕਾ, ਅਜ ਦਾ ਇਹ ਵਿਸ਼ਾਲ ਭਰੀਆ ਅਦਾਰਾ ਅਤੇ ਭਰੀਆ ਪ੍ਰਵਾਰ ਹੋਂਦ ਵਿਚ ਆਇਆ। ਸ੍ਰ. ਦਰਸ਼ਨ ਸਿੰਘ ਭਰੀਆ 1954 ਵਿਚ ਤਨਜ਼ਾਨੀਆ(ਟਾਂਗਾ ਨੀਕਾ) ਆਏ ਅਤੇ ਟਾਂਗਾ ਨੀਕਾ ਇੰਜੀਨੀਰਿੰਗ ਕੰਟ੍ਰੈਕਟਿੰਗ ਕੰਪਨੀ ਵਿਚ ਫੋਰਮੈਨ ਵਜੋਂ ਨੌਕਰੀ ਕੀਤੀ । ਨੌਕਰੀ ਦੇ ਦੌਰਾਨ ਹੀ ਇਨ੍ਹਾਂ ਨੇ ਸਿਵਲ ਇੰਜਨੀਅਰਿੰਗ ਵਿਚ ਡਿਪਲੋਮਾ ਕੀਤਾ ਅਤੇ ਤਰੱਕੀ ਕਰਕੇ ਇੰਜੀਨੀਅਰ ਦੀ ਪਦਵੀ ਤੇ ਪਹੁੰਚੇ । ਆਖਰ 1971 ਵਿਚ ਇਨ੍ਹਾਂ ਨੇ ਨੌਕਰੀ



ਸ੍ਰ. ਚਰਨਜੀਤ ਸਿੰਘ ਭਰੀਆ

ਤੋਂ ਅਪਣੇ ਆਪ ਨੂੰ ਅਲਗ ਕਰ ਲਿਆ ਅਤੇ ਅਜ ਦੇ ਗਲੋਬਲ ਅਦਾਰੇ ਭਰੀਆ ਇੰਜਨੀਆਰਿੰਗ ਐਂਡ ਕੰਸਟ੍ਰੈਕਟਿੰਗ ਕੰਪਨੀ ਲਿਮਟਿਡ ਦੀ ਨੀਂਹ ਰੱਖੀ । ਅਜ ਇਸ ਕੰਪਨੀ ਦੀ ਗੈਮਨ ਇੰਡੀਆ, ਹਿੰਦੋਸਤਾਨ ਕੰਸਟ੍ਰਕਸ਼ਨ ਕੰਪਨੀ ਅਤੇ ਕਾਂਟੀਨੈਂਟਲ ਕੰਸਟ੍ਰਕਸ਼ਨ ਕੰਪਨੀ ਨਾਲ ਤੁਲਨਾ ਕੀਤੀ ਜਾਂਦੀ ਹੈ । ਐਕਸਟੈਂਸ਼ਨ ਆਫ ਮੁਵਾਂਜ਼ਾ ਏਅਰਪੋਰਟ, ਮੋਬੋ ਇਰੀਗੇਸ਼ਨ ਸਕੀਮ, ਟਾਰਮੈਕ ਵਰਕ ਫਾਰ ਅਰੂਸ਼ਾ ਟਾਊਨ ਅਤੇ ਡਿਵੈਲਪਮੈਂਟ ਆਫ



Devindra

DESIGNERS & BUILDERS OF COLD FORGING MACHINERY

High Speed Thread Roller
5 x 25-300 Pcs/Min
8 x 50-200 Pcs/Min

Our Products :
- High Speed Double Stroke Headers
- High Speed Single Stroke Header
- Bolt Trimmers
- Slotting Machines
- Thread Roller
- High Speed Chain Pin Cutting Machines

☎. Off. 491453, 491454. Resi. : 401837

DEVINDRA INDUSTRIES

3587, New Janta Nagar, Behind Petrol Pump
Opp. I.T.I. Gill Road, Ludhiana-141003

Phones : Sale Office 2556, Resi. : 2425

Amin Chand & Sons

Manufacturers of High Class Agricultural Impliments
Factory Landra

Successors :
Bakshi Ram & Sons Landra And
Sohan Lal & Bros.
From 1-6-78
(R.F.No. 55 of 1948, under the Indian Partnership Act, 1932)

Our Trade Marks	REGD. NO.
"AMIN CHAND & SONS"	-138979
"LANDRA"	-125062
"VIRSHAH"	-125063
"RAJASHAHI"	-9730



Sohanlal Landra



Vinod Kumar Landra

V. & P.O. Landra, Phillaur

ਨਿਉ ਕੈਪੀਟਲ ਏਰੀਆ ਡਡੋਮੋ ਵਰਗੇ ਕਰੋੜਾਂ ਰੁਪੇ ਦੇ ਚਣੌਤੀ ਭਰੇ ਪ੍ਰਾਜੈਕਟ ਕੰਪਲੀਟ ਕਰ ਚੁੱਕੇ ਹਨ । ਅਜ ਕਲ ਇਨ੍ਹਾਂ ਦੇ ਪਾਸ ਦੋ ਵੱਡੇ ਪ੍ਰਾਜੈਕਟ ਮੋਸ਼ੀ ਰੂਰਲ ਰੋਡਜ਼ ਅਤੇ ਮੋਰੋ ਗੋਰੋ ਡਰੇਨੇਜ ਸਕੀਮ ਤੇ ਤੇਜ਼ੀ ਨਾਲ ਕੰਮ ਚਲ ਰਿਹਾ ਹੈ ।ਸ੍. ਦਰਸ਼ਨ ਸਿੰਘ ਭਰੀਆ ਨੇ ਸਿੱਖ ਟੈਂਪਲ ਤਨਜ਼ਾਨੀਆ ਦੀ ਲਗਭਗ 20 ਸਾਲ ਸਕੱਤਰ, ਜਨਰਲ ਸਕੱਤਰ, ਅਤੇ ਪ੍ਰਧਾਨ ਵਜੋਂ ਸੇਵਾ ਕੀਤੀ ।

ਸ੍. ਸੰਤੋਖ ਸਿੰਘ ਭਰੀਆ ਨੇ ਮੁਢਲੀ ਸਿਖਸ਼ਾ ਉਪ੍ਰੰਤ ਬੀ. ਐਸਸੀ. ਇਜਨੀਰਿੰਗ (ਸਿਵਲ), ਦੀ ਡਿਗਰੀ ਤੋਂ ਬਾਅਦ ਐਮ. ਆਈ. ਈ. ਇੰਡੀਆ ਤੇ ਫਿਰ ਤਨਜ਼ਾਨੀਆ ਤੋਂ 1971 ਵਿਚ ਐਮ. ਆਈ. ਈ. ਟੀ. ਦੀ ਡਿਗਰੀ ਪ੍ਰਾਪਤ ਕੀਤੀ । ਇਸੇ ਹੀ ਟੈਕਨੀਕਲ ਵਿਦਿਆ ਦੇ ਕਾਰਨ ਇਨ੍ਹਾਂ ਦਾ ਕੰਮ ਦਿਨ ਦੁੱਗਣੀ ਅਤੇ ਰਾਤ ਚੌਗੁਣੀ ਤਰੱਕੀ ਕਰ ਰਿਹਾ ਹੈ । ਇਨ੍ਹਾਂ ਦਾ ਸ਼ੁਭ ਆਨੰਦ ਕਾਰਜ ਬੀਬੀ ਸ਼ਰਨਜੀਤ ਕੌਰ ਸਪੁੱਤਰੀ ਸ੍. ਸ਼ਿਵ ਸਿੰਘ ਮਲਕੋਤਰਾ ਪਿੰਡ ਅਰਬੋਵਾਲ ਜ਼ਿਲਾ ਹੁਸ਼ਿਆਰਪੁਰ ਨਾਲ, 1974 ਵਿਚ ਹੋਇਆ ਅਤੇ ਇਨ੍ਹਾਂ ਦੇ 3 ਸਪੁੱਤਰੀਆਂ ਤੇ ਇਕ ਸਪੁੱਤਰ ਕਾਕਾ ਦਲਜੀਤ ਸਿੰਘ ਭਰੀਆ ਹਨ । ਵਰਨਣ ਯੋਗ ਹੈ ਕਿ ਪੜ੍ਹਾਈ ਵਿਚ ਉਚ ਅੰਕ ਪ੍ਰਾਪਤ ਕਰਨ ਸਦਕਾ ਇਨ੍ਹਾਂ ਨੂੰ 1971 ਵਿਚ ਪੰਜਾਬ ਇੰਜ. ਕਾਲਜ ਚੰਡੀਗੜ੍ਹ ਵਲੋਂ ਗੋਲਡ ਮੈਡਲ ਨਾਲ ਸਨਮਾਨਤ ਕੀਤਾ ਗਿਆ ।ਅਤੇ 1982 ਵਿਚ ਵਰਲਡ ਹੂ ਇਜ਼ ਹੂ ਵਿਚ ਵੀ ਇਨ੍ਹਾਂ ਦਾ ਨਾਂ ਦਰਜ ਕੀਤਾ ਗਿਆ। 81-82 ਤਕ ਐਸੋਸੀਏਸ਼ਨ ਆਫ ਤਨਜ਼ਾਨੀਆ (A.T.E.) ਫਾਰ ਬਿਲਡਿੰਗਜ਼ ਐਂਡ ਸਿਵਲ ਇੰਜਨੀਅਰਿੰਗ ਇੰਡਸਟ੍ਰੀਜ਼ ਦੇ ਚੇਅਰਮੈਨ ਵੀ ਰਹੇ । ਧਾਰਮਿਕ ਅਤੇ ਸਮਾਜਕ ਕੰਮਾਂ ਵਿਚ ਵਧ ਚੜ੍ਹਕੇ ਹਿੱਸਾ ਲੈਂਦੇ ਹਨ ਅਤੇ ਅਜਕਲ ਰਾਮਗੜ੍ਹੀਆ ਵੈਲਫੇਅਰ ਐਸੋਸੀਏਸ਼ਨ ਬ੍ਰਮਿੰਘਮ ਦੇ ਵਾਇਸ ਚੇਅਰਮੈਨ ਹਨ । 3 ਸਾਲ ਸਿੱਖ ਟੈਂਪਲ ਤਨਜ਼ਾਨੀਆ ਦੇ ਸਕੱਤਰ, 5 ਸਾਲ ਜਨਰਲ ਸਕੱਤਰ, ਅਤੇ 5 ਸਾਲ ਰਾਮਗੜ੍ਹੀਆ ਸਭਾ ਤਨਜ਼ਾਨੀਆ ਦੇ ਪ੍ਰਧਾਨ ਰਹਿ ਚੁੱਕੇ ਹਨ । 5 ਸਾਲ ਤਕ ਰਾਮਗੜ੍ਹੀਆ ਡਿਸਪੈਂਸਰੀ ਦੇ ਪ੍ਰਧਾਨਗੀ ਪਦ ਤੇ ਵੀ ਸ਼ਸ਼ੋਭਿਤ ਰਹੇ ਹਨ ।

ਇਨ੍ਹਾਂ ਦੀ ਅਰੰਭਕ ਇਕਾਈ ਮੈ. ਭਰੀਆ ਇੰਜਨੀਅਰਿੰਗ ਕੰਸਟ੍ਰੈਕਟਿੰਗ ਕੰਪਨੀ ਲਿਮਟਿਡ ਤੋਂ ਛੁਟ ਕਈ ਹੋਰ ਅਦਾਰੇ ਵੀ ਹਨ, ਜਿਨ੍ਹਾਂ ਵਿਚੋਂ ਮੈ. ਭਰੀਆ ਫਾਰਮਜ਼ ਐਂਡ ਕੁਐਰੀਜ਼ ਲਿਮਿਟਿਡ, ਮੈ. ਭਰੀਆ ਐਂਡ ਕੰਪਨੀ ਯੂ.ਕੇ. ਅਤੇ ਮੈ. ਤਨਜ਼ਾਨੀਆ ਇੰਟਰਨੈਸ਼ਨਲ ਐਕਸਪੋਰਟ ਐਂਡ ਇੰਪੋਰਟ ਕੰਪਨੀ ਲਿਮਟਿਡ ਕਾਫੀ ਨਾਮਣਾ ਖਟ ਚੁੱਕੀ ਹੈ। ਇਨ੍ਹਾਂ ਦੀ ਜਾਇਦਾਦ ਦਾ ਜ਼ਿਕਰ ਕਰਦਿਆਂ ਡਰ ਲਗਦਾ ਹੈ । ਫਿਰ ਵੀ, ਇਨ੍ਹਾਂ ਦੇ ਪਾਸ ਟਰੱਕਾਂ ਕਾਰਾਂ, ਜੀਪਾਂ, ਅਤੇ ਕੰਸਟ੍ਰਕਸ਼ਨ ਮਸ਼ੀਨਰੀ ਦੀ ਫਲੀਟ ਤੋਂ ਛੁਟ 10 ਸੀਟਾਂ ਵਾਲਾ ਹਵਾਈ ਜਹਾਜ਼ ਵੀ ਹੈ । ਸ੍. ਸੰਤੋਖ ਸਿੰਘ ਭਰੀਆ ਜੋ ਅਜ ਕਲ, ਕੁਝ ਦਿਨਾਂ ਲਈ ਭਾਰਤ ਆਏ ਹੋਏ ਹਨ ਸਾਡੇ ਦਫਤਰ ਆਏ ਅਤੇ ਦੱਸਿਆ ਕਿ, "ਬਹੁਤ ਵਾਰ ਐਸਾ ਹੋਇਆ ਜਦੋਂ ਸਰਕਾਰ ਨੂੰ ਸਾਡੇ ਕੋਲੋਂ ਮਸ਼ੀਨਰੀ ਭਾੜੇ ਤੇ ਲੈਣੀ ਪਈ । ਅਜ ਤਾਈ ਅਸੀਂ ਲਗਭਗ 100 ਦੇ ਕ੍ਰੀਬ ਅੰਤਰਰਾਸ਼ਟ੍ਰੀਯ ਪ੍ਰਾਜੈਕਟ ਕੰਪਲੀਟ ਕਰ ਚੁੱਕੇ ਹਾਂ । ਸਾਡੇ ਮੁੱਖ ਅਦਾਰੇ ਦੇ ਚੇਅਰਮੈਨ ਮੈਂ, (ਸੰਤੋਖ ਸਿੰਘ ਭਰੀਆ), ਐਮ.ਡੀ. ਸ੍. ਸਰਬਜੀਤ ਸਿੰਘ ਭਰੀਆ. ਅਤੇ ਸਾਡੇ ਮਾਤਾ ਜੀ ਸ੍ਰੀਮਤੀ ਰੇਸ਼ਮ ਕੌਰ ਭਰੀਆ ਅਤੇ ਸ੍. ਚਰਨਜੀਤ ਸਿੰਘ ਭਰੀਆ ਡਾਇਰੈਕਟਰ ਹਨ । "

ਸ੍. ਜਾਗੀਰ ਸਿੰਘ, ਮੈ. ਜਾਗੀਰ ਪੈਲਸ ਹੋਟਲ, ਮਾਇਆਪੁਰੀ ਚੌਂਕ ਦਿੱਲੀ ਅਤੇ ਸ੍. ਰਾਜਿੰਦਰ ਸਿੰਘ ਸੀਹਰਾ, ਮੈ. ਸੀਹਰਾ ਇੰਜਨੀਰਿੰਗ ਐਂਡ ਕੰਸਟ੍ਰਕਸ਼ਨ ਕੰਪਨੀ ਹੁਸ਼ਿਆਰਪੁਰ, ਸ੍. ਸੰਤੋਖ ਸਿੰਘ ਭਰੀਆ ਦੇ ਕ੍ਰੀਬੀ ਰਿਸ਼ਤੇਦਾਰ ਹਨ ।

ਸ੍. ਸੰਤੋਖ ਸਿੰਘ ਭਰੀਆ ਨਾਲ ਮੇਰੀ ਪਹਿਲੀ ਮੁਲਾਕਾਤ ਸ੍. ਜਸਵੰਤ ਸਿੰਘ ਵਿਲਖੂ ਦੇ ਗ੍ਰਹਿ ਵਿਖੇ ਹੋਈ ਸੀ, ਜਦੋਂ ਉਨ੍ਹਾਂ ਮੈਨੂੰ ਅਤੇ ਸ੍. ਸੁਰਜੀਤ ਸਿੰਘ ਪਨੇਸਰ ਨੂੰ ਖਾਣੇ ਤੇ ਬੁਲਾਇਆ ਸੀ । ਵਿਲਖੂ ਸਾਹਿਬ ਬਾਰੇ ਅਸੀਂ ਪਹਿਲਾਂ ਵਿਸਥਾਰ ਸਹਿਤ ਲਿਖ ਚੁੱਕੇ ਹਾਂ ਅਤੇ ਭਰੀਆ ਸਾਹਿਬ ਦੇ ਰਿਸ਼ਤੇਦਾਰ ਅਤੇ ਮਿੱਤਰ ਹਨ । ਰਾਮਗੜ੍ਹੀਆ ਮੰਚ ਨੂੰ ਇਨ੍ਹਾਂ ਦੇ ਨਿੱਘੇ ਸਹਿਯੋਗ ਸਦਕਾ ਬਹੁਤ ਹੀ ਸਫਲਤਾ ਮਿਲੀ, ਜਿਸ ਲਈ ਅਸੀਂ ਇਨ੍ਹਾਂ ਦੇ ਸਦਾ ਦੇਣਦਾਰ ਰਹਾਂਗੇ ।

ਜਾਪਾਨੀਆਂ ਦੀ ਔਸਤ ਉਮਰ ਸਭ ਤੋਂ ਜ਼ਿਆਦਾ

ਦੌੜ-ਭੱਜ, ਮਾਨਸਿਕ ਤਣਾਅ ਤੇ ਸੰਘਰਸ਼ਾਂ ਨਾਲ ਭਰੀ ਅੱਜ ਦੀ ਜ਼ਿੰਦਗੀ ਵਿਚ ਵਿਸ਼ਵ ਪੱਧਰ ਤੇ ਉਮਰ ਭੋਗਣ ਦੀ ਹੱਦ ਘਟਦੀ ਜਾ ਰਹੀ ਹੈ ਪਰ ਜਾਪਾਨ ਇਕ ਅਜਿਹਾ ਮੁਲਕ ਹੈ ਜਿਥੇ ਆਦਮੀ ਅਤੇ ਔਰਤ ਦੋਵਾਂ ਵਰਗਾਂ ਚ ਔਸਤਨ ਉਮਰ ਦਰ ਵੱਧਦੀ ਜਾ ਰਹੀ ਹੈ । ਜਾਪਾਨੀਆਂ ਦੀ ਔਸਤ ਉਮਰ ਵਿਸ਼ਵ ਭਰ ਚੋਂ ਸਭ ਤੋਂ ਜ਼ਿਆਦਾ ਹੈ ।

ਇਸ ਤੋਂ ਇਲਾਵਾ ਇਸ ਮੁਲਕ ਚ ਸੌ ਸਾਲ ਦੀ ਉਮਰ ਪਾਰ ਕਰਨ ਵਾਲਿਆਂ ਦੀ ਗਿਣਤੀ ਵੀ ਵਧਦੀ ਜਾ ਰਹੀ ਹੈ । ਜਾਪਾਨ ਦੇ ਮਰਦਮਸ਼ੁਮਾਰੀ ਵਿਭਾਗ ਵੱਲੋਂ ਜਾਰੀ ਇਕ ਪ੍ਰੈਸ ਰਿਲੀਜ਼ ਮੁਤਾਬਕ ਸਤੰਬਰ 1993 ਤੱਕ ਸੌ ਸਾਲ ਦੀ ਉਮਰ ਪਾਰ ਕਰਨ ਵਾਲੇ ਲੋਕਾਂ ਦੀ ਗਿਣਤੀ 4802 ਹੋ ਗਈ ਹੈ ਜੋ ਵਿਸ਼ਵ ਚ ਆਬਾਦੀ ਦਰ ਦੇ ਹਿਸਾਬ ਨਾਲ ਇਕ ਰਿਕਾਰਡ ਹੈ । ਇਸ ਮੁਲਕ ਚ ਸੌ ਸਾਲ ਤੋਂ ਵੱਧ ਉਮਰ ਵਾਲੇ ਵਿਅਕਤੀਆਂ ਚ ਔਰਤਾਂ ਦੀ ਗਿਣਤੀ ਜ਼ਿਆਦਾ ਹੈ । ਇਸ ਵਕਤ ਸਭ ਤੋਂ ਵੱਧ ਉਮਰ ਵਾਲੀ ਔਰਤ ਤਾਨੇ ਇਕੀ ਹੈ ਜੋ ਜ਼ਿੰਦਗੀ ਦੇ 114 ਵਰ੍ਹੇ ਹੰਢਾ ਚੁੱਕੀ ਹੈ ।

ੴ ਸਤਿਗੁਰ ਪ੍ਰਸਾਦਿ ॥

East African Ramgarhia Board

REGISTERED OFFICE: RAMGARHIA SIKH TEMPLE, PANGANI
P.O. Box 40845, NAIROBI. TELEPHONE: 760091/763870

CHAIRMAN: AMRIK SINGH BIRDI | GENERAL SECRETARY: RAJINDER P.S. CHANA | TREASURER: HARJODH S. GILL

CONDOLENCES FOR GIANI ZAIL SINGH JI

FROM

THE CHAIRMAN & MANAGING COMMITTEE

EAST AFRICAN RAMGARHIA BOARD, NAIROBI. KENYA

P.O.BOX 40845 NAIROBI, KENYA.

On behalf of all the Ramgarhia Community of Kenya, we express deep sorrow on the demise of a great and true son of India, His Excellency the first Sikh President of India Giani Zail Singh Ji.

We are all well aware of Giani Ji's contribution during India's freedom struggle, as Chief Minister of Punjab and finally as the head of the largest democracy in the world, he will be remembered by the future generations of the Sikh community.

The members of the Ramgarhia Community in Nairobi held an Akhand Paath and prayed to the Almighty Waheguru to rest his soul in eternal peace.

MR. AMRIK SINGH BIRDI
CHAIRMAN
EAST AFRICAN RAMGARHIA BOARD, NAIROBI. KENYA

Ramgarhia Sikh Temple • Nursery School • Library • Dispensary • Trust Fund • Hospital